ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 38
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 8 February, 2026) ਐਤਵਾਰ, 8 ਫਰਵਰੀ, 2026, 26 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ 'ਚ ਅੱਜ ਚੱਲਣਗੀਆਂ ਠੰਢੀਆਂ ਹਵਾਵਾਂ

ਚੰਡੀਗੜ੍ਹ, 7 ਫਰਵਰੀ (ਚ.ਨ.ਸ.): ਪੰਜਾਬ ਅਤੇ ਚੰਡੀਗੜ੍ਹ ਵਿੱਚ ਹੁਣ ਮੌਸਮ ਬਦਲ ਗਿਆ ਹੈ। ਤਾਪਮਾਨ ਵਧਣ ਲੱਗ ਪਿਆ ਹੈ। 12 ਫਰਵਰੀ ਤੱਕ ਮੌਸਮ ਸਾਫ਼ ਰਹਿਣ ਦੀ ਉਮੀਦ ਹੈ। ਇਸ ਸਮੇਂ ਦੌਰਾਨ,ਮੌਸਮ ਪੂਰੀ ਤਰ੍ਹਾਂ ਖੁਸ਼ਕ ਰਹੇਗਾ। ਮੌਸਮ ਸਬੰਧੀ ਕੋਈ ਚੇਤਾਵਨੀ ਜਾਰੀ ਨਹੀਂ ਕੀਤੀ ਗਈ ਹੈ। ਦਿਨ ਵਿਚ ਧੁੱਪ ਨਿਕਲੇਗੀ, ਹਾਲਾਂਕਿ ਠੰਢੀਆਂ ਹਵਾਵਾਂ ਚੱਲਦੀਆਂ ਰਹਿਣਗੀਆਂ। ਕੁਝ ਇਲਾਕਿਆਂ ਵਿੱਚ ਧੁੰਦ ਪੈਣ ਦੀ ਸੰਭਾਵਨਾ ਹੈ। ਪਿਛਲੇ 24 ਘੰਟਿਆਂ ਦੌਰਾਨ, ਜ਼ਿਆਦਾਤਰ ਇਲਾਕਿਆਂ ਵਿਚ ਔਸਤਨ 0.3 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ। ਫਰੀਦਕੋਟ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 6.0 ਡਿਗਰੀ ਸੈਲਸੀਅਸ ਦਰਜ ਕੀਤਾ (ਬਾਕੀ ਸਫਾ 2 'ਤੇ)

*ਪ੍ਰਧਾਨ ਮੰਤਰੀ ਦੋ ਦਿਨਾਂ ਦੌਰੇ 'ਤੇ ਮਲੇਸ਼ੀਆ ਪੁੱਜੇ*

## ਅਸੀਂ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਅਰਥਚਾਰਾ ਹਾਂ: ਮੋਦੀ

**ਚੜ੍ਹਦੀਕਲਾ ਬਿਊਰੋ**

================




ਨਵੀਂ ਦਿੱਲੀ, 7 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਲੇਸ਼ੀਆ ਦੇ ਦੋ ਦਿਨਾਂ ਦੌਰੇ 'ਤੇ ਹਨ। ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਪ੍ਰੋਟੋਕੋਲ ਤੋੜ ਕੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਲਈ ਹਵਾਈ ਅੱਡੇ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਆਪਣੀ ਕਾਰ ਵਿੱਚ ਲੈ ਗਏ। ਪ੍ਰਧਾਨ ਮੰਤਰੀ ਮੋਦੀ ਨੇ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਵਿੱਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਨੇ ਭਾਰਤ ਦੀ ਵਧਦੀ ਵਿਸ਼ਵਵਿਆਪੀ ਤਾਕਤ ਨੂੰ ਉਜਾਗਰ ਕਰਦੇ ਹੋਏ ਕਿਹਾ, 'ਅਸੀਂ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹਾਂ।'

**ਭਾਰਤ ਦੀ ਸਫਲਤਾ ਮਲੇਸ਼ੀਆ ਦੀ ਸਫਲਤਾ ਹੈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਅਸੀਂ ਇੱਕ ਦੂਜੇ ਦੀ ਸਫਲਤਾ ਦਾ ਜਸ਼ਨ ਮਨਾਉਂਦੇ ਹਾਂ। ਜਦੋਂ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ਚੰਦਰਯਾਨ-2 ਦੀ ਸਫਲਤਾ 'ਤੇ ਵਧਾਈ ਦਿੱਤੀ ਤਾਂ ਮੈਨੂੰ ਬਹੁਤ ਖੁਸ਼ੀ ਹੋਈ। ਭਾਰਤ ਦੀ ਸਫਲਤਾ ਮਲੇਸ਼ੀਆ ਦੀ ਸਫਲਤਾ ਹੈ। ਇਹ ਏਸ਼ੀਆ ਦੀ ਸਫਲਤਾ ਹੈ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਮੈਂ ਇੱਕ ਵਾਅਦਾ ਕੀਤਾ ਸੀ, ਅਤੇ (ਬਾਕੀ ਸਫਾ 2 'ਤੇ)

*ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਦਾ ਵੱਡਾ ਬਿਆਨ*

## ਵਿਕਸਤ ਭਾਰਤ ਦੀ ਯਾਤਰਾ ਲਈ ਅੱਜ ਦਾ ਦਿਨ ਮਹੱਤਵਪੂਰਨ: ਪੀਯੂਸ਼ ਗੋਇਲ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 7 ਫਰਵਰੀ :ਕੇਂਦਰੀ ਵਣਜ ਅਤੇ ਉਦਯੋਗ ਮੰਤਰੀ, ਪੀਯੂਸ਼ ਗੋਇਲ ਨੇ ਕਿਹਾ ਕਿ ਅੱਜ 2047 ਤੱਕ ਵਿਕਸਤ ਭਾਰਤ ਵੱਲ ਭਾਰਤ ਦੀ ਯਾਤਰਾ ਵਿਚ ਇਕ ਬਹੁਤ ਮਹੱਤਵਪੂਰਨ ਦਿਨ ਹੈ। ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਭਾਰਤ-ਅਮਰੀਕਾ ਦੇਸ਼ਾਂ ਦੇ ਸਬੰਧਾਂ, ਕੂਟਨੀਤਕ ਸੰਬੰਧਾਂ ਅਤੇ ਉਨ੍ਹਾਂ ਦੇ ਨੇਤਾਵਾਂ ਵਿਚਕਾਰ ਦੋਸਤੀ ਨੂੰ ਧਿਆਨ ਵਿਚ ਰੱਖਦੇ ਹੋਏ ਫਰਵਰੀ,2025 ਵਿਚ ਇਕ ਦੁਵੱਲੇ ਵਪਾਰ ਸਮਝੌਤੇ 'ਤੇ ਚਰਚਾ ਸ਼ੁਰੂ ਹੋਈ।

ਉਦੇਸ਼ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਸਾਲਾਨਾ 500 ਬਿਲੀਅਨ ਡਾਲਰ ਦੇ ਦੁਵੱਲੇ ਵਪਾਰ ਨੂੰ ਪ੍ਰਾਪਤ ਕਰਨਾ ਸੀ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਅੱਜ ਦਾ ਦਿਨ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਦੇਸ਼ ਭਰ ਵਿਚ ਖੁਸ਼ੀ ਦੀ ਲਹਿਰ ਹੈ। ਭਵਿੱਖ ਨੂੰ ਲੈ ਕੇ ਦੇਸ਼ ਦੇ ਹਰ ਖੇਤਰ ਵਿਚ ਬਹੁਤ ਉਤਸ਼ਾਹ ਹੈ। ਅਜਿਹਾ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਨਵੇਂ ਮੌਕੇ ਖੁੱਲ੍ਹਣਗੇ ਅਤੇ ਸੰਯੁਕਤ ਰਾਜ ਅਮਰੀਕਾ, ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ, ਲਗਭਗ ਤੀਹ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ, ਹੁਣ ਸਾਡੇ ਨਿਰਯਾਤਕਾਂ ਲਈ ਸਭ ਤੋਂ ਵੱਧ ਪਸੰਦੀਦਾ ਰਾਸ਼ਟਰ ਦੇ ਦਰਜੇ ਦੇ ਨਾਲ ਖੁੱਲ੍ਹ ਜਾਵੇਗਾ।

ਅਮਰੀਕਾ ਨੇ ਵਪਾਰ ਉੱਤੇ 50 ਫੀਸਦੀ ਟੈਰਿਫ ਘਟਾ ਕੇ 18 ਫੀਸਦੀ ਕੀਤਾ ਹੈ। ਉੱਥੇ ਹੀ ਅਮਰੀਕਾ ਵਿੱਚ ਭਾਰਤੀ ਚਾਹ, ਕੌਫੀ, ਮਸਾਲੇ ਤੇ ਦਵਾਈਆਂ (ਬਾਕੀ ਸਫਾ 2 'ਤੇ)

## ਵੋਟਰ ਸੂਚੀ ਮਾਮਲੇ 'ਚ ਸੋਨੀਆ ਗਾਂਧੀ ਖ਼ਿਲਾਫ਼ ਪਟੀਸ਼ਨ ਨੂੰ 'ਸਿਆਸਤ ਤੋਂ ਪ੍ਰੇਰਿਤ' ਦੱਸਿਆ

ਨਵੀਂ ਦਿੱਲੀ, 7 ਫਰਵਰੀ (ਚ.ਨ.ਸ.):ਕਾਂਗਰਸ ਨੇਤਾ ਸੋਨੀਆ ਗਾਂਧੀ ਦੇ ਵਕੀਲ ਨੇ ਸ਼ਨਿਚਰਵਾਰ ਨੂੰ ਦਿੱਲੀ ਦੀ ਇੱਕ ਅਦਾਲਤ ਵਿੱਚ ਦਾਅਵਾ ਕੀਤਾ ਕਿ ਉਸ ਸ਼ਿਕਾਇਤ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਦਾ ਨਾਂ 1983 ਵਿੱਚ ਭਾਰਤੀ ਨਾਗਰਿਕਤਾ ਹਾਸਲ ਕਰਨ ਤੋਂ ਤਿੰਨ ਸਾਲ ਪਹਿਲਾਂ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ, ਸਿਆਸਤ ਤੋਂ ਪ੍ਰੇਰਿਤ ਸੀ ਅਤੇ ਕਿਸੇ ਬਾਹਰੀ ਕਾਰਨ ਕਰਕੇ ਦਾਇਰ ਕੀਤੀ ਗਈ ਸੀ। (ਬਾਕੀ ਸਫਾ 2 'ਤੇ)







## ਵਿਦੇਸ਼ ਮੰਤਰਾਲੇ ਨੇ ਭਗਵੰਤ ਮਾਨ ਨੂੰ ਯੂਰਪ ਜਾਣ ਦੀ ਨਹੀਂ ਦਿੱਤੀ ਇਜਾਜ਼ਤ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 7 ਫਰਵਰੀ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਸ਼ਨੀਵਾਰ ਅੱਧੀ ਰਾਤ ਨੂੰ ਸ਼ੁਰੂ ਹੋਣ ਵਾਲਾ ਨੀਦਰਲੈਂਡ ਅਤੇ ਚੈੱਕ ਗਣਰਾਜ ਦਾ ਵਿਦੇਸ਼ੀ ਦੌਰਾ ਅਨਿਸ਼ਚਿਤਤਾ ਦੇ ਘੇਰੇ ਵਿੱਚ ਆ ਗਿਆ ਹੈ। ਖ਼ਬਰ ਲਿਖੇ ਜਾਣ ਤੱਕ ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਇਸ ਅਧਿਕਾਰਤ ਦੌਰੇ ਲਈ 'ਰਾਜਨੀਤਿਕ ਮਨਜ਼ੂਰੀ' ਨਹੀਂ ਦਿੱਤੀ ਗਈ ਸੀ। ਮੁੱਖ ਮੰਤਰੀ ਮਾਨ ਨੇ ਇੱਕ ਹਫ਼ਤੇ ਦੇ ਯੂਰਪ ਦੌਰੇ ਲਈ 25 ਮੈਂਬਰੀ ਵਫ਼ਦ ਦੀ ਅਗਵਾਈ ਕਰਨੀ ਸੀ। ਇਸ ਦੌਰੇ ਦਾ ਮੁੱਖ ਮਕਸਦ ਪੰਜਾਬ ਵਿੱਚ ਨਿਵੇਸ਼ ਲਿਆਉਣ ਲਈ ਵਿਦੇਸ਼ੀ ਕੰਪਨੀਆਂ ਨੂੰ ਸੱਦਾ ਦੇਣਾ ਸੀ। ਸੂਤਰਾਂ ਅਨੁਸਾਰ, ਨੀਦਰਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਉੱਥੋਂ ਦੇ ਵੱਡੇ ਉਦਯੋਗਪਤੀਆਂ ਨਾਲ ਮੀਟਿੰਗਾਂ ਦਾ (ਬਾਕੀ ਸਫਾ 2 'ਤੇ)

*ਪ੍ਰਿੰਟ ਮੀਡੀਆ ਇੰਡਸਟਰੀ ਵਿੱਚ ਸਭ ਤੋਂ ਵੱਡੀ ਖ਼ਬਰ*

## ਕੀ ਅਡਾਨੀ ਭਾਰਤ ਦੇ ਸਭ ਤੋਂ ਵੱਡੇ ਅੰਗਰੇਜ਼ੀ ਭਾਸ਼ਾ ਦੇ ਅਖ਼ਬਾਰ ਟਾਈਮਜ਼ ਆਫ਼ ਇੰਡੀਆ ਨੂੰ ਵੀ ਖ਼ਰੀਦਣਗੇ?

**ਮੀਡੀਆ ਇੰਡਸਟਰੀ 'ਚ ਇਸ ਵੱਡੀ ਡੀਲ ਨਾਲ ਹਲਚਲ**

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
**ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**

=======

ਦਿੱਲੀ ਦੇ ਮੀਡੀਆ ਹਾਊਸ ਅਤੇ ਭਾਰਤੀ ਮੀਡੀਆ ਵਿੱਚ ਇੱਕ ਰੋਚਕ ਖਬਰ ਚੱਲ ਰਹੀ ਹੈ ਅਤੇ ਜੇ ਉਹ ਸੱਚ ਹੋ ਜਾਂਦੀ ਹੈ ਤਾਂ ਭਾਰਤੀ ਮੀਡੀਆ ਵਿੱਚ ਇੱਕ ਵੱਡਾ ਬਦਲਾਵ ਦੇਖਣ ਨੂੰ ਮਿਲੇਗਾ ।ਉਹ ਖਬਰ ਅੱਜ ਭਾਰਤੀ ਮੀਡੀਆ ਦੇ ਵਿਸ਼ੇਸ਼ਕਰ ਸਾਊਥ ਦੇ ਮੀਡੀਆ ਚਰਚਾ ਦਾ ਕੇਂਦਰ ਹੈ। ਦੇਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਅੰਗਰੇਜ਼ੀ ਅਖ਼ਬਾਰਾਂ ਵਿੱਚੋਂ ਇੱਕ, ਟਾਈਮਜ਼ ਆਫ਼ ਇੰਡੀਆ (ਟੀਓਆਈ) ਦੇ ਮਾਲਕੀ ਢਾਂਚੇ ਵਿੱਚ ਇੱਕ ਵੱਡੇ ਬਦਲਾਅ ਬਾਰੇ ਅਟਕਲਾਂ ਤੇਜ਼ ਹੋ ਗਈਆਂ ਹਨ। ਸੋਸ਼ਲ ਮੀਡੀਆ 'ਤੇ ਚਰਚਾਵਾਂ ਦੇ ਅਨੁਸਾਰ, ਟਾਈਮਜ਼ ਗਰੁੱਪ ਦੇ ਅੰਦਰ ਇੱਕ ਵੱਡਾ ਮਾਲਕੀ ਬਦਲ ਹੋ ਸਕਦਾ ਹੈ।ਸੂਤਰਾਂ ਅਨੁਸਾਰ, ਬੇਨੇਟ, ਕੋਲਮੈਨ ਐਂਡ ਕੰਪਨੀ ਲਿਮਟਿਡ (ਬੀ.ਸੀ.ਸੀ.ਐਲ.) ਦੇ ਵਾਈਸ ਚੇਅਰਮੈਨ ਅਤੇ ਮੀਡੀਆ ਉੱਦਮੀ ਸਮੀਰ ਜੈਨ ਸਮੂਹ ਦੇ ਮੁੱਖ ਬ੍ਰਾਂਡਾਂ ਲਈ ਲੰਬੇ ਸਮੇਂ ਦੀ ਰਣਨੀਤੀ 'ਤੇ ਮੁੜ ਵਿਚਾਰ ਕਰ ਰਹੇ ਹਨ। ਮੰਨਿਆ ਜਾਂਦਾ ਹੈ ਕਿ (ਬਾਕੀ ਸਫਾ 2 'ਤੇ)



# ਪੰਜਾਬ 'ਚ ਸਾਲ 2025-26 ਦੌਰਾਨ 6 ਤੋਂ 10 ਹਜ਼ਾਰ ਕਰੋੜ ਬੋਗਸ ਖਰੀਦ ਦਾ ਮਾਮਲਾ ਆਇਆ ਸਾਹਮਣੇ

## ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਜਾਂਚ ਦੇ ਹੁਕਮ



ਚੰਡੀਗੜ੍ਹ, 7 ਫਰਵਰੀ (ਚ.ਨ.ਸ.) : ਪੰਜਾਬ ਵਿੱਚ ਸਾਲ 2025-26 ਦੌਰਾਨ ਝੋਨੇ ਦੀ ਛੇ ਹਜ਼ਾਰ ਕਰੋੜ ਤੋਂ 10 ਹਜ਼ਾਰ ਕਰੋੜ ਤੱਕ ਦੀ ਬੋਗਸ ਖ਼ਰੀਦ ਹੋਣ ਦੇ ਘਪਲੇ ਦਾ ਧੂੰਆਂ ਉੱਠਿਆ ਹੈ। ਕੇਂਦਰ ਨੇ ਪੰਜਾਬ ਨੂੰ ਇਸ ਕਥਿਤ ਬੋਗਸ ਖ਼ਰੀਦ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੰਗਰੂਰ ਦੇ ਆੜ੍ਹਤੀਏ ਵੱਲੋਂ ਭੇਜੀਆਂ ਸ਼ਿਕਾਇਤਾਂ ਮਗਰੋਂ ਕੇਂਦਰ ਸਰਕਾਰ ਹਰਕਤ ਵਿੱਚ ਆਈ ਹੈ। ਕੇਂਦਰੀ ਵਿੱਤ ਮੰਤਰਾਲੇ ਅਤੇ ਮਾਲ ਵਿਭਾਗ ਵੱਲੋਂ ਇਸ ਸਬੰਧੀ ਮੁੱਖ ਸਕੱਤਰ ਪੰਜਾਬ ਨੂੰ ਨਿਰਦੇਸ਼ ਦਿੱਤੇ ਗਏ ਹਨ। ਕੇਂਦਰੀ ਨਿਰਦੇਸ਼ਾਂ ਦੀ ਪਾਲਣਾ ਹਿੱਤ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰਾਂ ਨੂੰ ਆਪੋ-ਆਪਣੇ ਜ਼ਿਲ੍ਹੇ ਦੀ ਅਲਾਟਮੈਂਟ ਕਮੇਟੀ ਦੀ ਮੀਟਿੰਗ ਸੱਦਣ ਲਈ ਕਿਹਾ ਹੈ ਅਤੇ ਜਾਂਚ ਮਗਰੋਂ 13 ਫਰਵਰੀ ਤੱਕ ਰਿਪੋਰਟ ਦੇਣ ਦੀ ਹਦਾਇਤ ਕੀਤੀ ਹੈ। ਪਤਾ ਲੱਗਿਆ ਹੈ ਕਿ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰਾਂ ਨੇ ਮੀਟਿੰਗਾਂ ਵੀ ਸੱਦ ਲਈਆਂ ਹਨ। ਚੇਤੇ ਰਹੇ ਕਿ ਉਸ ਵੇਲੇ ਵੀ ਸ਼ੰਕੇ ਖੜ੍ਹੇ ਹੋ ਗਏ ਸਨ, ਜਦੋਂ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਫ਼ਸਲੀ ਨੁਕਸਾਨ ਦੇ ਬਾਵਜੂਦ ਖ਼ਰੀਦ ਕੇਂਦਰਾਂ 'ਚ ਪਿਛਲੇ ਸਾਲ ਜਿੰਨੀ ਹੀ ਫ਼ਸਲ ਦੀ ਆਮਦ ਹੋਈ ਸੀ, ਜਦੋਂ ਕਿ ਝੋਨੇ ਦੀ ਫ਼ਸਲ ਦਾ ਝਾੜ ਘਟਿਆ ਵੀ ਸੀ। ਉਸ ਵਕਤ ਸੂਬਾ ਸਰਕਾਰ ਨੇ ਕੁੱਝ ਸਰਹੱਦੀ ਜ਼ਿਲ੍ਹਿਆਂ 'ਚ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ। ਪੰਜਾਬ ਸਰਕਾਰ ਨੇ ਦੂਸਰੇ ਸੂਬਿਆਂ 'ਚੋਂ ਆਏ ਝੋਨੇ ਦੇ ਮਾਮਲੇ 'ਚ ਕਈ ਪੁਲੀਸ ਕੇਸ ਵੀ ਦਰਜ ਕਰਵਾਏ ਸਨ। ਸੰਗਰੂਰ ਦੇ ਕਮਿਸ਼ਨ ਏਜੰਟ ਨੇ ਕੇਂਦਰ ਸਰਕਾਰ ਨੂੰ ਜਿਹੜੀ ਸ਼ਿਕਾਇਤ ਭੇਜੀ ਹੈ, ਉਸ 'ਚ ਇਹ ਦੋਸ਼ ਲਗਾਏ ਹਨ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਆੜ੍ਹਤੀਆਂ ਨੇ ਕਿਸਾਨਾਂ ਦੇ ਨਾਮ 'ਤੇ ਜਾਅਲੀ 'ਜੇ' ਫਾਰਮ ਜਾਰੀ ਕੀਤੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਖਾਤਿਆਂ 'ਚ ਭੁਗਤਾਨ ਵੀ ਪ੍ਰਾਪਤ ਹੋਇਆ ਹੈ। ਫਿਰ ਇਹੋ ਪੈਸੇ ਕਿਸਾਨ, ਕਮਿਸ਼ਨ ਏਜੰਟ, ਚੌਲ ਮਿੱਲਰਾਂ ਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੇ ਆਪਸ ਵਿੱਚ ਵੰਡ ਲਏ। ਬਾਅਦ ਵਿੱਚ ਝੋਨਾ ਦੂਸਰੇ ਸੂਬਿਆਂ 'ਚੋਂ 600 ਰੁਪਏ ਪ੍ਰਤੀ ਕੁਇੰਟਲ ਤੋਂ ਘੱਟ ਭਾਅ 'ਤੇ ਖ਼ਰੀਦਿਆ ਗਿਆ ਅਤੇ ਸੂਬੇ 'ਚ ਐੱਮ.ਐੱਸ.ਪੀ.'ਤੇ ਖ਼ਰੀਦਿਆ ਦਿਖਾਇਆ ਗਿਆ। ਕੇਂਦਰ ਨੂੰ ਭੇਜੀ ਸ਼ਿਕਾਇਤ ਵਿੱਚ ਬੋਗਸ ਖ਼ਰੀਦ ਦੇ ਧੰਦੇ ਤੇ ਇਸ 'ਚ ਸ਼ਾਮਲ ਧਿਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਚੌਲ ਮਿੱਲਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੱਤ ਵੱਖ-ਵੱਖ ਕੇਂਦਰੀ ਮੰਤਰਾਲਿਆਂ ਅਤੇ ਜਾਂਚ ਏਜੰਸੀਆਂ ਕੋਲ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਅਧਿਕਾਰੀ ਦਾ ਕਹਿਣਾ ਹੈ ਕਿ ਇਹ ਸ਼ਿਕਾਇਤਾਂ ਬੇਬੁਨਿਆਦ ਹਨ ਅਤੇ ਸਰਕਾਰ ਦੀ ਸਖ਼ਤੀ ਕਰ ਕੇ ਸੂਬੇ ਵਿੱਚ ਝੋਨੇ ਦੀ ਬੋਗਸ ਖ਼ਰੀਦ ਦੀ ਕੋਈ ਸੰਭਾਵਨਾ ਨਹੀਂ। ਫ਼ਸਲੀ ਖ਼ਰੀਦ ਦੀ ਪੁਸ਼ਟੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਵਿਸਥਾਰਤ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ। ਹਾਲਾਂਕਿ, ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਸ ਮਾਮਲੇ ਬਾਰੇ ਅਗਿਆਨਤਾ ਪ੍ਰਗਟਾਈ ਹੈ।

# ਅਮਰੀਕੀ ਵਪਾਰ ਪ੍ਰਤੀਨਿਧੀ ਦਫ਼ਤਰ ਵੱਲੋਂ ਭਾਰਤ ਦਾ ਨਕਸ਼ਾ ਜਾਰੀ

## ਜੰਮੂ-ਕਸ਼ਮੀਰ ਨੂੰ ਦਿਖਾਇਆ ਭਾਰਤ ਦਾ ਹਿੱਸਾ




ਨਵੀਂ ਦਿੱਲੀ, 7 ਫਰਵਰੀ (ਚ.ਨ.ਸ.) : ਸ਼ਨਿੱਚਰਵਾਰ ਨੂੰ ਜਿਵੇਂ ਹੀ ਭਾਰਤ ਅਤੇ ਅਮਰੀਕਾ ਨੇ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ ਦਾ ਐਲਾਨ ਕੀਤਾ, ਅਮਰੀਕੀ ਵਪਾਰ ਪ੍ਰਤੀਨਿਧੀ ਦੇ ਦਫ਼ਤਰ (USTR) ਵੱਲੋਂ ਜਾਰੀ ਕੀਤੇ ਗਏ ਇੱਕ ਨਕਸ਼ੇ ਨੇ ਆਨਲਾਈਨ ਦੁਨੀਆਂ ਵਿੱਚ ਸਭ ਦਾ ਧਿਆਨ ਖਿੱਚ ਲਿਆ। ਇਸ ਨਕਸ਼ੇ ਵਿੱਚ ਪੂਰੇ ਜੰਮੂ-ਕਸ਼ਮੀਰ ਖੇਤਰ — ਜਿਸ ਵਿੱਚ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ (ਪੀ.ਓ.ਕੇ.) ਵੀ ਸ਼ਾਮਲ ਹੈ — ਨੂੰ ਭਾਰਤ ਦੇ ਹਿੱਸੇ ਵਜੋਂ ਦਿਖਾਇਆ ਗਿਆ ਹੈ, ਨਾਲ ਹੀ ਅਕਸਾਈ ਚਿੰਨ੍ਹ ਨੂੰ ਵੀ ਭਾਰਤ ਦਾ ਹਿੱਸਾ ਦਿਖਾਇਆ ਗਿਆ ਹੈ, ਜਿਸ 'ਤੇ ਚੀਨ ਆਪਣਾ ਦਾਅਵਾ ਕਰਦਾ ਹੈ। ਹਾਲਾਂਕਿ ਭਾਰਤ ਹਮੇਸ਼ਾ ਇਹ ਕਹਿੰਦਾ ਰਿਹਾ ਹੈ ਕਿ ਜੰਮੂ-ਕਸ਼ਮੀਰ ਦੇਸ਼ ਦਾ ਅਨਿੱਖੜਵਾਂ ਅੰਗ ਹੈ, ਪਰ ਇਹ ਚਿਤਰਣ ਪਿਛਲੇ ਅਮਰੀਕੀ ਨਕਸ਼ਿਆਂ ਨਾਲੋਂ ਵੱਖਰਾ ਹੈ, ਜੋ ਆਮ ਤੌਰ 'ਤੇ ਪੀ.ਓ.ਕੇ ਨੂੰ ਇੱਕ ਵਿਵਾਦਿਤ ਖੇਤਰ ਵਜੋਂ ਦਿਖਾਉਂਦੇ ਸਨ। ਇਸ ਤਾਜ਼ਾ ਨਕਸ਼ੇ ਨੂੰ ਵਾਸ਼ਿੰਗਟਨ ਦੇ ਰਵੱਈਏ ਵਿੱਚ ਇੱਕ ਸੂਖਮ ਪਰ ਮਹੱਤਵਪੂਰਨ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਕਦਮ ਦਾ ਸਮਾਂ ਕਾਫੀ ਮਹੱਤਵਪੂਰਨ ਹੈ, ਕਿਉਂਕਿ ਭਾਰਤ ਅਤੇ ਅਮਰੀਕਾ ਇੱਕ ਤਣਾਅਪੂਰਨ ਦੌਰ ਤੋਂ ਬਾਅਦ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਭਾਰਤੀ ਵਸਤੂਆਂ 'ਤੇ 50 ਫੀਸਦੀ ਟੈਕਸ ਲਗਾਇਆ ਸੀ — ਜੋ ਅਮਰੀਕੀ ਸਹਿਯੋਗੀਆਂ ਵਿੱਚ ਸਭ ਤੋਂ ਵੱਧ ਸੀ। ਅੰਤਰਿਮ ਵਪਾਰ ਫਰੇਮਵਰਕ ਦੇ ਤਹਿਤ, ਹੁਣ ਇਸ ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਗਿਆ ਹੈ, ਜੋ ਕਿਸੇ ਵੀ ਏਸ਼ੀਆਈ ਦੇਸ਼ ਲਈ ਸਭ ਤੋਂ ਘੱਟ ਹੈ। ਨਕਸ਼ੇ ਦਾ ਜਾਰੀ ਹੋਣਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਭਾਰਤ ਅਤੇ ਪਾਕਿਸਤਾਨ ਨੂੰ ਮੁੜ ਇੱਕੋ ਨਜ਼ਰ ਨਾਲ ਦੇਖਣ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ ਆਇਆ ਹੈ, ਜੋ ਕਿ ਦੋਵਾਂ ਦੇਸ਼ਾਂ ਨੂੰ ਵੱਖਰੇ ਤੌਰ 'ਤੇ ਦੇਖਣ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਮਰੀਕੀ ਨੀਤੀ ਦੇ ਉਲਟ ਹੈ।

ਅਕਸਾਈ ਚੀਨ ਨੂੰ ਭਾਰਤ ਦੇ ਹਿੱਸੇ ਵਜੋਂ ਸ਼ਾਮਲ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ। ਚੀਨ ਭਾਰਤ ਦੇ ਇਤਰਾਜ਼ਾਂ ਦੇ ਬਾਵਜੂਦ ਲਗਾਤਾਰ ਇਸ ਖੇਤਰ 'ਤੇ ਆਪਣਾ ਦਾਅਵਾ ਕਰਦਾ ਰਿਹਾ ਹੈ। ਨਵੀਂ ਦਿੱਲੀ ਨੇ ਅਕਸਰ ਵਿਦੇਸ਼ੀ ਸਰਕਾਰਾਂ ਅਤੇ ਗਲੋਬਲ ਏਜੰਸੀਆਂ ਦੁਆਰਾ ਇਸ ਦੀਆਂ ਸਰਹੱਦਾਂ, ਖਾਸ ਕਰਕੇ ਜੰਮੂ-ਕਸ਼ਮੀਰ ਅਤੇ ਅਰੁਣਾਚਲ ਪ੍ਰਦੇਸ਼ ਦੇ ਗਲਤ ਚਿਤਰਣ 'ਤੇ ਚਿੰਤਾ ਪ੍ਰਗਟਾਈ ਹੈ।

ਮਾਹਿਰਾਂ ਅਤੇ ਟਿੱਪਣੀਕਾਰਾਂ ਨੇ ਅਮਰੀਕਾ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। 'ਇੰਡੀਆ ਟੂਡੇ' ਦੀ ਰਿਪੋਰਟ ਅਨੁਸਾਰ, ਸੇਵਾਮੁਕਤ ਮੇਜਰ ਗੌਰਵ ਆਰੀਆ ਨੇ ਇਸ ਚਿਤਰਣ ਦੀ ਸ਼ਲਾਘਾ ਕਰਦੇ ਹੋਏ ਇਸ ਨੂੰ ਭਾਰਤ ਦੀ ਖੇਤਰੀ ਸਥਿਤੀ ਲਈ ਸਮਰਥਨ ਦਾ ਸਪੱਸ਼ਟ ਸੰਕੇਤ ਦੱਸਿਆ ਹੈ। ਕਈ ਵਿਸ਼ਲੇਸ਼ਕਾਂ ਨੇ ਇਸ ਨੂੰ ਪਾਕਿਸਤਾਨ ਦੀ ਵਾਸ਼ਿੰਗਟਨ ਵਿੱਚ ਹਾਲੀਆ ਕੂਟਨੀਤਕ ਪਹੁੰਚ ਲਈ ਇੱਕ ਝਟਕਾ ਦੱਸਿਆ ਹੈ। ਪਿਛਲੇ ਛੇ ਮਹੀਨਿਆਂ ਵਿੱਚ, ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਤਿੰਨ ਵਾਰ ਅਮਰੀਕਾ ਦਾ ਦੌਰਾ ਕੀਤਾ ਹੈ ਅਤੇ ਰਾਸ਼ਟਰਪਤੀ ਟਰੰਪ ਨਾਲ ਦੋ ਮੁਲਾਕਾਤਾਂ ਕੀਤੀਆਂ ਹਨ, ਜਿਸ ਵਿੱਚ ਜੂਨ ਵਿੱਚ ਹੋਇਆ ਇੱਕ ਬਹੁ-ਚਰਚਿਤ ਲੰਚ ਵੀ ਸ਼ਾਮਲ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਆਪਸੀ ਰਿਸ਼ਤਿਆਂ ਨੂੰ ਕਰੇਗਾ ਹੋਰ ਮਜ਼ਬੂਤ: ਹਰਦੀਪ ਸਿੰਘ ਪੁਰੀ



ਨਵੀਂ ਦਿੱਲੀ, 7 ਫਰਵਰੀ (ਚ.ਨ.ਸ.) : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕਰ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਅੰਤਰਿਮ ਵਪਾਰ ਸਮਝੌਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੀ ਅਗਵਾਈ ਹੇਠ ਇਕ ਸ਼ਾਨਦਾਰ ਭਵਿੱਖ ਪ੍ਰਤੀ ਸਾਡੇ ਦੋ ਮਹਾਨ ਦੇਸ਼ਾਂ ਦੀ ਸਾਂਝੀ ਵਚਨਬੱਧਤਾ ਵਿਚ ਟਿਕਿਆ ਹੋਇਆ ਹੈ।

ਇਹ ਮੇਕ ਇਨ ਇੰਡੀਆ ਪਹਿਲਕਦਮੀ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਸਾਡੇ ਕਿਸਾਨਾਂ, ਉੱਦਮੀਆਂ, ਐਮ.ਐਸ.ਐਮ.ਈ., ਸਟਾਰਟਅੱਪ ਇਨੋਵੇਟਰਾਂ, ਮਛੇਰਿਆਂ ਅਤੇ ਹੋਰਾਂ ਲਈ ਵੱਡੇ ਪੱਧਰ 'ਤੇ ਸਿੱਧੇ ਅਤੇ ਅਸਿੱਧੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਵਿਸ਼ਾਲ ਮੌਕੇ ਖੋਲ੍ਹੇਗਾ, ਖਾਸ ਕਰਕੇ ਸਾਡੇ ਨੌਜਵਾਨਾਂ ਲਈ।

ਉਨ੍ਹਾਂ ਕਿਹਾ ਕਿ ਜਿਵੇਂ ਕਿ ਅਸੀਂ ਵਿਕਾਸ ਭਾਰਤ ਵੱਲ ਆਪਣੀ ਯਾਤਰਾ ਜਾਰੀ ਰੱਖਦੇ ਹਾਂ, ਇਹ ਢਾਂਚਾ ਨਵੀਨਤਾ ਨੂੰ ਉਤਸ਼ਾਹਿਤ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਨਿਵੇਸ਼ ਅਤੇ ਤਕਨਾਲੋਜੀ ਭਾਈਵਾਲੀ ਨੂੰ ਹੋਰ ਡੂੰਘਾ ਕਰੇਗਾ।

# 2021 ਤੋਂ 2025 ਦਰਮਿਆਨ ਦੇਸ਼ ਵਿਚ ਬ੍ਰੈਸਟ ਕੈਂਸਰ ਦੇ ਮਾਮਲੇ 13 ਫ਼ੀਸਦੀ ਵਧੇ




ਨਵੀਂ ਦਿੱਲੀ, 7 ਫਰਵਰੀ (ਚ.ਨ.ਸ.) : ਦੇਸ਼ ਵਿੱਚ ਔਰਤਾਂ ਦੀ ਸਿਹਤ ਲਈ ਕੈਂਸਰ ਇਕ ਗੰਭੀਰ ਚੁਣੌਤੀ ਬਣ ਕੇ ਉੱਭਰਿਆ ਹੈ। ਰਾਜ ਸਭਾ 'ਚ ਸਿਹਤ ਰਾਜ ਮੰਤਰੀ ਪ੍ਰਤਾਪਰਾਓ ਜਾਧਵ ਵੱਲੋਂ ਪੇਸ਼ ਕੀਤੇ ਗਏ ਤਾਜ਼ਾ ਅੰਕੜੇ ਇਸ ਦੀ ਭਿਆਨਕਤਾ ਨੂੰ ਬਿਆਨ ਕਰਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ, ਸਾਲ 2021 ਤੋਂ 2025 ਦੇ ਵਿਚਕਾਰ ਬ੍ਰੈਸਟ ਕੈਂਸਰ ਦੇ ਨਵੇਂ ਮਾਮਲਿਆਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ 'ਚ ਕਰੀਬ 13 ਪ੍ਰਤੀਸ਼ਤ ਦਾ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ। ਮੰਤਰਾਲੇ ਅਨੁਸਾਰ, ਸਾਲ 2025 'ਚ ਬ੍ਰੈਸਟ ਕੈਂਸਰ ਦੇ ਨਵੇਂ ਮਾਮਲਿਆਂ ਦਾ ਅੰਕੜਾ 2.40 ਲੱਖ ਦੇ ਪਾਰ ਪਹੁੰਚਣ ਦਾ ਅਨੁਮਾਨ ਹੈ ਜੋ ਦੇਸ਼ ਦੀ ਸਿਹਤ ਪ੍ਰਣਾਲੀ ਲਈ ਵੱਡੀ ਚੁਣੌਤੀ ਹੈ।

ਕਿਹੜਾ ਕੈਂਸਰ ਸਭ ਤੋਂ ਘਾਤਕ ਸਾਬਿਤ ਹੋ ਰਿਹਾ ਹੈ? ਹਾਲਾਂਕਿ, ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਮੌਤ ਦਰ ਦੇ ਮਾਮਲੇ 'ਚ 'ਓਵੇਰੀਅਨ ਕੈਂਸਰ' ਸਭ ਤੋਂ ਵੱਧ ਘਾਤਕ ਸਾਬਤ ਹੋ ਰਿਹਾ ਹੈ, ਜਿਸ ਦੀ ਮੌਤ ਦਰ ਲੱਗਭੱਗ 61% ਹੈ। ਇਸ ਤੋਂ ਬਾਅਦ ਸਰਵਾਈਕਲ ਕੈਂਸਰ 'ਚ ਮੌਤ ਦਰ 54% ਅਤੇ ਬ੍ਰੈਸਟ ਕੈਂਸਰ 'ਚ 43% ਮਾਪੀ ਗਈ ਹੈ।

ਕਿਹੜੇ ਸੂਬੇ 'ਚ ਸਭ ਤੋਂ ਵੱਧ ਕੇਸ? ਬਿਹਾਰ ਅਤੇ ਛੱਤੀਸਗੜ੍ਹ 'ਚ ਬਿਮਾਰੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ। ਸੂਬਿਆਂ ਦੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਤੇ ਰਾਜਸਥਾਨ 'ਚ ਕੈਂਸਰ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਉੱਥੇ ਹੀ, ਬਿਹਾਰ ਅਤੇ ਛੱਤੀਸਗੜ੍ਹ 'ਚ ਕੈਂਸਰ ਦਾ ਗ੍ਰਾਫ਼ ਸਭ ਤੋਂ ਤੇਜ਼ੀ ਨਾਲ ਵਧਿਆ ਹੈ। ਇਨ੍ਹਾਂ ਦੋਵਾਂ ਰਾਜਾਂ ਵਿੱਚ ਨਵੇਂ ਮਾਮਲਿਆਂ ਵਿੱਚ ਲੱਗਭੱਗ 21-22% ਅਤੇ ਮੌਤਾਂ ਦੇ ਅੰਕੜਿਆਂ ਵਿੱਚ ਕਰੀਬ 20% ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ।

30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੀ ਸਕ੍ਰੀਨਿੰਗ 'ਤੇ ਜ਼ੋਰ: ਇਸ ਸੰਕਟ ਨਾਲ ਨਜਿੱਠਣ ਲਈ ਸਰਕਾਰ ਨੇ ਕਮਰ ਕੱਸ ਲਈ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਬਿਮਾਰੀ ਦਾ ਸ਼ੁਰੂਆਤੀ ਪੜਾਅ 'ਤੇ ਹੀ ਪਤਾ ਲਗਾਉਣ ਲਈ ਸਰਕਾਰ 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੀ ਲਾਜ਼ਮੀ ਸਕ੍ਰੀਨਿੰਗ 'ਤੇ ਵਿਸ਼ੇਸ਼ ਜ਼ੋਰ ਦੇ ਰਹੀ ਹੈ, ਤਾਂ ਜੋ ਸਮੇਂ ਸਿਰ ਇਲਾਜ ਸ਼ੁਰੂ ਕਰਕੇ ਜਾਨ ਬਚਾਈ ਜਾ ਸਕੇ। ਵਿਸ਼ਵ ਪੱਧਰ 'ਤੇ ਵੀ ਬ੍ਰੈਸਟ ਕੈਂਸਰ ਔਰਤਾਂ ਵਿੱਚ ਸਭ ਤੋਂ ਵੱਧ ਪਾਇਆ ਜਾਣ ਵਾਲਾ ਕੈਂਸਰ ਹੈ। ਸਭ ਤੋਂ ਵੱਡੀ ਰਾਹਤ ਦੀ ਗੱਲ ਇਹ ਹੈ ਕਿ ਸਮੇਂ ਸਿਰ ਸਕ੍ਰੀਨਿੰਗ ਅਤੇ ਇਲਾਜ ਨਾਲ ਇਸ ਕੈਂਸਰ ਤੋਂ ਬਚਾਅ ਜਾਂ ਜਾਨ ਬਚਾਉਣੀ ਕਾਫੀ ਹੱਦ ਤੱਕ ਸੰਭਵ ਹੈ।

## ਕਾਰ-ਟਰਾਲੇ ਦੀ ਟੱਕਰ 'ਚ ਇੱਕੋ ਪਰਿਵਾਰ ਦੇ 4 ਜੀਆਂ ਦੀ ਮੌਕੇ 'ਤੇ ਮੌਤ

ਸਰਦੂਲਗੜ੍ਹ, 7 ਫਰਵਰੀ (ਚ.ਨ.ਸ.) : ਮਾਨਸਾ ਦੇ ਸਰਦੂਲਗੜ੍ਹ ਵਿਚ ਵੱਡਾ ਸੜਕ ਹਾਦਸਾ ਵਾਪਰਿਆ ਹੈ ਜਿਥੇ 3 ਔਰਤਾਂ ਸਣੇ ਇਕ ਬਜ਼ੁਰਗ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਕਾਰ ਤੇ ਟਰਾਲੇ ਵਿਚ ਜ਼ਬਰਦਸਤ ਟੱਕਰ ਹੋਈ ਹੈ, ਜਿਸ ਮਗਰੋਂ ਬਹੁਤ ਦਰਦਨਾਕ ਹਾਦਸਾ ਵਾਪਰਿਆ ਹੈ। ਮੌਕੇ 'ਤੇ ਹੀ 4 ਵਿਅਕਤੀਆਂ ਦੀ ਮੌਤ ਹੋ ਗਈ ਦੱਸੀ ਜਾ ਰਹੀ ਹੈ, ਜਦੋਂ ਕਿ ਇਕ ਗੰਭੀਰ ਜ਼ਖ਼ਮੀ ਦੱਸਿਆ ਜਾ ਰਿਹਾ ਹੈ ਜੋ ਕਿ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਪੂਰੀ ਤਰ੍ਹਾਂ ਚਕਨਾਚੂਰ ਹੋ ਗਈ। ਇਲਾਕੇ ਵਿਚ ਸਨਸਨੀ ਫੈਲ ਗਈ ਤੇ ਮੌਕੇ 'ਤੇ ਭੀੜ ਇਕੱਠੀ ਹੋ ਗਈ। ਮ੍ਰਿਤਕ ਪਰਿਵਾਰ ਹਰਿਆਣਾ ਦੇ ਸਿਰਸੇ ਦਾ ਰਹਿਣ ਵਾਲਾ ਸੀ। ਹਾਦਸੇ ਮਗਰੋਂ ਟਰਾਲੇ ਦੇ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੂੰ ਹਾਦਸੇ ਬਾਰੇ ਸੂਚਿਤ ਕੀਤਾ ਗਿਆ। ਮੌਕੇ 'ਤੇ ਪੁਲਿਸ ਟੀਮ ਪਹੁੰਚ ਗਈ ਹੈ ਤੇ ਉਨ੍ਹਾਂ ਵੱਲੋਂ ਗੰਭੀਰਤਾ ਨਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਫਰਾਰ ਟਰਾਲਾ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ।

# ਕੇਰਲਾ ਵਿੱਚ ਪਿਆਜ਼ਾਂ ਦੇ ਟਰੱਕ 'ਚੋਂ ਨਿੱਕਲਿਆ ਵਿਸਫ਼ੋਟਕਾਂ ਦਾ ਜ਼ਖ਼ੀਰਾ!



ਮਲੱਪਪੁਰਮ, 7 ਫਰਵਰੀ (ਚ.ਨ.ਸ.) : ਕੇਰਲ ਦੇ ਮਲੱਪਪੁਰਮ ਜ਼ਿਲ੍ਹੇ ਦੇ ਚੇਮਾਡ ਇਲਾਕੇ 'ਚ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਪਿਆਜ਼ਾਂ ਨਾਲ ਲੱਦੇ ਇੱਕ ਟਰੱਕ ਵਿੱਚੋਂ ਭਾਰੀ ਮਾਤਰਾ 'ਚ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਟਰੱਕ ਵਿੱਚੋਂ 10,500 ਤੋਂ ਵੱਧ ਜੈਲੇਟਿਨ ਸਟਿਕਸ, ਡੈਟੋਨੇਟਰ ਤੇ ਤਾਰਾਂ ਬਰਾਮਦ ਕੀਤੀਆਂ ਗਈਆਂ ਹਨ। ਇਸ ਮਾਮਲੇ ਦੇ ਸਬੰਧ 'ਚ ਪੁਲਿਸ ਨੇ ਟਰੱਕ ਦੀ ਮਾਲਕ ਨੂੰ ਹਿਰਾਸਤ 'ਚ ਲੈ ਲਿਆ ਹੈ। ਪਿਆਜ਼ ਦੀਆਂ ਬੋਰੀਆਂ ਹੇਠਾਂ ਲੁਕਾ ਕੇ ਰੱਖੇ ਸਨ 245 ਬਕਸੇ।

ਜਾਣਕਾਰੀ ਮੁਤਾਬਕ ਪਿਆਜ਼ਾਂ ਨਾਲ ਲੱਦਿਆ ਇਹ ਟਰੱਕ ਸ਼ੁੱਕਰਵਾਰ ਦੇਰ ਰਾਤ ਇੱਕ ਇੱਟਾਂ ਦੇ ਭੱਠੇ 'ਤੇ ਪਹੁੰਚਿਆ ਸੀ। ਗੁਪਤ ਸੂਚਨਾ ਦੇ ਆਧਾਰ 'ਤੇ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਟਰੱਕ ਵਿੱਚੋਂ ਸਾਮਾਨ ਉਤਾਰ ਰਹੇ ਲੋਕ ਫ਼ਰਾਰ ਹੋ ਗਏ। ਸ਼ਨੀਵਾਰ ਸਵੇਰੇ ਜਦੋਂ ਪੁਲਿਸ ਨੇ ਸਾਮਾਨ ਉਤਾਰ ਕੇ ਤਲਾਸ਼ੀ ਲਈ ਤਾਂ ਪਿਆਜ਼ ਦੀਆਂ ਬੋਰੀਆਂ ਦੇ ਲੁਕਾ ਕੇ ਰੱਖੇ 245 ਬਕਸੇ ਮਿਲੇ, ਜਿਨ੍ਹਾਂ ਵਿੱਚੋਂ ਇਹ ਵਿਸਫੋਟਕ ਸਮੱਗਰੀ ਬਰਾਮਦ ਹੋਈ।

**ਗੈਰ-ਕਾਨੂੰਨੀ ਮਾਈਨਿੰਗ ਲਈ ਵਰਤੋਂ ਦਾ ਸ਼ੱਕ**

ਪੁਲਿਸ ਅਧਿਕਾਰੀਆਂ ਅਨੁਸਾਰ ਹਿਰਾਸਤ 'ਚ ਲਈ ਗਈ ਮਹਿਲਾ ਇੱਕ ਪੱਥਰ ਦੀ ਖੱਡ ਚਲਾਉਂਦੀ ਹੈ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਵਿਸਫੋਟਕ ਅਤੇ ਜੈਲੇਟਿਨ ਸਟਿਕਸ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਵਿੱਚ ਵਰਤੋਂ ਲਈ ਲਿਆਂਦੀਆਂ ਗਈਆਂ ਸਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਵਿਸਫੋਟਕ ਕੇਰਲ ਤੋਂ ਬਾਹਰੋਂ ਲਿਆਂਦੇ ਗਏ ਸਨ ਅਤੇ ਹੁਣ ਇਨ੍ਹਾਂ ਦੇ ਅਸਲ ਸਰੋਤ ਦਾ ਪਤਾ ਲਗਾਇਆ ਜਾ ਰਿਹਾ ਹੈ।

**ਪਹਿਲਾਂ ਵੀ ਹੋ ਚੁੱਕੀ ਹੈ ਅਜਿਹੀ ਬਰਾਮਦਗੀ**

ਜ਼ਿਕਰਯੋਗ ਹੈ ਕਿ ਕੇਰਲ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਵਿਸਫੋਟਕ ਬਰਾਮਦ ਹੋਣ ਦੀ ਇਹ ਦੂਜੀ ਵੱਡੀ ਘਟਨਾ ਹੈ। ਇਸ ਤੋਂ ਪਹਿਲਾਂ 4 ਫਰਵਰੀ ਨੂੰ ਪੁਲਿਸ ਨੇ ਪਲੱਕੜ ਦੇ ਕਦਮਕੋਡ 'ਚ ਇੱਕ ਵਾਹਨ ਵਿੱਚੋਂ ਤਰਬੂਜ਼ਾਂ ਦੇ ਹੇਠਾਂ ਲੁਕਾ ਕੇ ਰੱਖੀਆਂ ਗਈਆਂ 18,000 ਜੈਲੇਟਿਨ ਸਟਿਕਸ ਅਤੇ 4,200 ਡੈਟੋਨੇਟਰ ਬਰਾਮਦ ਕੀਤੇ ਸਨ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪਹਿਲੇ ਸਫ਼ੇ ਦੀ ਬਾਕੀ

### ਪੰਜਾਬ 'ਚ ਅੱਜ ਚੱਲਣਗੀਆਂ ਠੰਢੀਆਂ ਹਵਾਵਾਂ

ਗਿਆ। ਇਸ ਦੇ ਨਾਲ ਹੀ, ਆਦਮਪੁਰ ਵਿੱਚ ਸੰਘਣੀ ਧੁੰਦ ਦੇਖੀ ਗਈ, ਜਿੱਥੇ ਦ੍ਰਿਸ਼ਟੀ ਜ਼ੀਰੋ ਮੀਟਰ ਦਰਜ ਕੀਤੀ ਗਈ। ਮੌਸਮ ਵਿਭਾਗ ਦੇ ਅਨੁਸਾਰ, ਪਿਛਲੇ 24 ਘੰਟਿਆਂ ਵਿਚ ਘੱਟੋ-ਘੱਟ ਤਾਪਮਾਨ 0.9 ਡਿਗਰੀ ਸੈਲਸੀਅਸ ਵਧਿਆ ਹੈ ਅਤੇ ਇਹ ਆਮ ਦੇ ਨੇੜੇ ਹੈ। ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਘੱਟੋ-ਘੱਟ ਤਾਪਮਾਨ 6.0 ਅਤੇ 9.1 ਡਿਗਰੀ ਸੈਲਸੀਅਸ ਦੇ ਵਿਚਕਾਰ ਦਰਜ ਕੀਤਾ ਗਿਆ। ਚੰਡੀਗੜ੍ਹ ਵਿਚ ਘੱਟੋ-ਘੱਟ ਤਾਪਮਾਨ 8.3 ਡਿਗਰੀ ਸੈਲਸੀਅਸ ਰਿਹਾ। ਇਹ ਲਗਭਗ 13 ਸਾਲਾਂ ਵਿੱਚ ਫਰਵਰੀ ਵਿੱਚ ਚੰਡੀਗੜ੍ਹ ਵਿੱਚ ਪਹਿਲੀ ਵਾਰ ਇੰਨਾ ਤਾਪਮਾਨ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 6 ਫਰਵਰੀ ਨੂੰ ਘੱਟੋ-ਘੱਟ ਤਾਪਮਾਨ 8.6 ਡਿਗਰੀ ਸੈਲਸੀਅਸ ਸੀ। ਹੋਰ ਜ਼ਿਲ੍ਹਿਆਂ ਦੀ ਗੱਲ ਕਰੀਏ ਤਾਂ ਅੰਮ੍ਰਿਤਸਰ ਵਿੱਚ ਘੱਟੋ-ਘੱਟ ਤਾਪਮਾਨ 6.3 ਡਿਗਰੀ, ਲੁਧਿਆਣਾ 8.4 ਡਿਗਰੀ, ਪਟਿਆਲਾ 9.5 ਡਿਗਰੀ, ਪਠਾਨਕੋਟ 7.5 ਡਿਗਰੀ, ਫਰੀਦਕੋਟ 6.0 ਡਿਗਰੀ, ਐਸ.ਬੀ.ਐਸ. ਨਗਰ 7.3 ਡਿਗਰੀ, ਫਿਰੋਜ਼ਪੁਰ 7.0 ਡਿਗਰੀ, ਮਾਨਸਾ 9.1 ਡਿਗਰੀ ਅਤੇ ਰੂਪਨਗਰ 8.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

### ਵੋਟਰ ਸੂਚੀ ਮਾਮਲੇ 'ਚ ਸੋਨੀਆ ਗਾਂਧੀ ਖ਼ਿਲਾਫ਼ ਪਟੀਸ਼ਨ

ਇਹ ਜਵਾਬ ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਦੇ ਸਾਹਮਣੇ ਪੇਸ਼ ਕੀਤਾ ਗਿਆ, ਜੋ ਕਿ ਇੱਕ ਰਿਵੀਜ਼ਨ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਹਨ। ਇਹ ਪਟੀਸ਼ਨ 11 ਸਤੰਬਰ, 2025 ਦੇ ਮੈਜਿਸਟ੍ਰੇਟ ਦੇ ਉਸ ਹੁਕਮ ਨੂੰ ਚੁਣੌਤੀ ਦਿੰਦੀ ਹੈ ਜਿਸ ਵਿੱਚ ਦੋਸ਼ਾਂ ਦੀ ਜਾਂਚ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਵਾਬ ਦਾਇਰ ਹੋਣ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਅਗਲੀ ਕਾਰਵਾਈ ਲਈ 21 ਫਰਵਰੀ ਦੀ ਤਾਰੀਖ਼ ਤੈਅ ਕੀਤੀ ਹੈ। ਜ਼ਿਕਰਯੋਗ ਹੈ ਕਿ ਮੈਜਿਸਟ੍ਰੇਟ ਅਦਾਲਤ ਦੇ ਹੁਕਮ ਨੇ ਰਾਊਜ਼ ਐਵੇਨਿਊ ਅਦਾਲਤਾਂ ਦੀ ਸੈਂਟਰਲ ਦਿੱਲੀ ਕੋਰਟ ਬਾਰ ਐਸੋਸੀਏਸ਼ਨ ਦੇ ਉਪ ਪ੍ਰਧਾਨ, ਐਡਵੋਕੇਟ ਵਿਕਾਸ ਤ੍ਰਿਪਾਠੀ ਵੱਲੋਂ ਦਾਇਰ ਸ਼ਿਕਾਇਤ ਨੂੰ ਖਾਰਜ ਕਰ ਦਿੱਤਾ ਸੀ।

ਸ਼ਨਿੱਚਰਵਾਰ ਨੂੰ ਐਡਵੋਕੇਟ ਤਰੰਨੁਮ ਚੀਮਾ, ਕਨਿਸ਼ਕ ਸਿੰਘ ਅਤੇ ਆਕਾਸ਼ ਸਿੰਘ, ਜੋ ਗਾਂਧੀ ਦੇ ਵਕੀਲ ਹਨ, ਨੇ ਜਵਾਬ ਦਾਇਰ ਕਰਦਿਆਂ ਦਾਅਵਾ ਕੀਤਾ ਕਿ ਦੋਸ਼ 'ਪੂਰੀ ਤਰ੍ਹਾਂ ਗਲਤ ਧਾਰਨਾ 'ਤੇ ਆਧਾਰਿਤ, ਸਿਆਸਤ ਤੋਂ ਪ੍ਰੇਰਿਤ ਅਤੇ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ" ਹਨ।

### ਵਿਕਸਤ ਭਾਰਤ ਦੀ ਯਾਤਰਾ ਲਈ ਅੱਜ

ਉੱਤੇ ਜ਼ੀਰੋ ਫੀਸਦ ਟੈਰਿਫ ਕੀਤਾ ਗਿਆ।

**ਅਮਰੀਕਾ ਤੋਂ 80 ਰੁਪਏ ਪ੍ਰਤੀ ਕਿੱਲੋ ਸੇਬ ਦਰਾਮਦ ਕਰੇਗਾ ਭਾਰਤ; ਕਿਸਾਨ ਪੂਰੀ ਤਰ੍ਹਾਂ ਸੁਰੱਖਿਅਤ**: ਕੇਂਦਰੀ ਵਣਜ ਮੰਤਰੀ ਪਿਊਸ਼ ਗੋਇਲ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਇਤਿਹਾਸਕ ਵਪਾਰਕ ਸਮਝੌਤੇ ਦੀ ਸ਼ਲਾਘਾ ਕਰਦਿਆਂ ਇਸ ਨੂੰ 2047 ਤੱਕ 'ਵਿਕਸਿਤ ਭਾਰਤ' ਬਣਾਉਣ ਦੇ ਰਾਹ ਵਿੱਚ ਇੱਕ ਵੱਡਾ ਮੀਲ ਪੱਥਰ ਦੱਸਿਆ ਹੈ।ਇਸ ਸਮਝੌਤੇ ਤਹਿਤ ਭਾਰਤ ਹੁਣ ਅਮਰੀਕਾ ਤੋਂ 80 ਰੁਪਏ ਪ੍ਰਤੀ ਕਿੱਲੋ ਦੇ ਘੱਟੋ-ਘੱਟ ਦਰਾਮਦ ਮੁੱਲ 'ਤੇ ਸੇਬਾਂ ਦੀ ਖਰੀਦ ਕਰੇਗਾ। ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਫੈਸਲੇ ਨਾਲ ਸਥਾਨਕ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਪੂਰੀ ਰਾਖੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਭਾਰਤ ਨੇ ਸੋਇਆਬੀਨ ਤੇਲ, ਸ਼ਰਾਬ, ਕਾਸਮੈਟਿਕਸ ਅਤੇ ਮੈਡੀਕਲ ਉਪਕਰਨਾਂ ਵਰਗੇ ਖੇਤਰਾਂ ਵਿੱਚ ਵੀ ਅਮਰੀਕਾ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਹਨ। ਦੂਜੇ ਪਾਸੇ, ਇਸ ਡੀਲ ਰਾਹੀਂ ਭਾਰਤੀ ਬਰਾਮਦਕਾਰਾਂ ਲਈ ਅਮਰੀਕੀ ਬਾਜ਼ਾਰ ਦੇ ਵੱਡੇ ਬੂਹੇ ਖੁੱਲ੍ਹ ਗਏ ਹਨ। ਅਮਰੀਕਾ ਹੁਣ ਭਾਰਤੀ ਵਸਤਾਂ 'ਤੇ ਟੈਰਿਫ ਘਟਾ ਕੇ 18 ਫੀਸਦੀ ਕਰੇਗਾ, ਜਦੋਂਕਿ ਰਤਨ, ਹੀਰੇ, ਸਮਾਰਟਫੋਨ ਅਤੇ ਫਾਰਮਾਸਿਊਟੀਕਲ ਉਤਪਾਦਾਂ 'ਤੇ ਜ਼ੀਰੋ ਡਿਊਟੀ ਲੱਗੇਗੀ। ਇਸ ਦੇ ਬਦਲੇ ਭਾਰਤ ਨੂੰ ਆਟੋ ਅਤੇ ਹਵਾਈ ਜਹਾਜ਼ਾਂ ਦੇ ਪੁਰਜ਼ਿਆਂ ਲਈ ਅਮਰੀਕੀ ਬਾਜ਼ਾਰ ਤੱਕ ਡਿਊਟੀ-ਮੁਕਤ ਪਹੁੰਚ ਮਿਲੇਗੀ, ਜਿਸ ਨਾਲ ਭਾਰਤ ਦੇ ਨਿਰਮਾਣ ਖੇਤਰ ਨੂੰ ਭਾਰੀ ਹੁਲਾਰਾ ਮਿਲਣ ਦੀ ਉਮੀਦ ਹੈ। ਪਿਊਸ਼ ਗੋਇਲ ਅਨੁਸਾਰ, ਇਹ ਸਮਝੌਤਾ ਖੇਤੀਬਾੜੀ, ਛੋਟੀ ਸਨਅਤ ਅਤੇ ਫਾਰਮਾ ਉਦਯੋਗ ਲਈ ਨਵੇਂ ਮੌਕੇ ਪੈਦਾ ਕਰੇਗਾ।

### ਅਸੀਂ ਦੁਨੀਆਂ ਦਾ ਸਭ ਤੋਂ ਤੇਜ਼ੀ

ਮੈਂ ਇੱਥੇ ਹਾਂ। ਇਹ 2026 ਵਿੱਚ ਮੇਰੀ ਪਹਿਲੀ ਵਿਦੇਸ਼ ਯਾਤਰਾ ਹੈ।' ਮਲੇਸ਼ੀਆ ਦੇ ਪ੍ਰਧਾਨ ਮੰਤਰੀ ਦੇ ਹਵਾਈ ਅੱਡੇ 'ਤੇ ਸਵਾਗਤ ਬਾਰੇ, ਪ੍ਰਧਾਨ ਮੰਤਰੀ ਨੇ ਕਿਹਾ, 'ਉਨ੍ਹਾਂ ਨੇ ਨਾ ਸਿਰਫ਼ ਆਪਣੀ ਕਾਰ ਸਾਂਝੀ ਕੀਤੀ, ਸਗੋਂ ਆਪਣੀ ਸੀਟ ਵੀ ਸਾਂਝੀ ਕੀਤੀ। ਸਾਡੀ ਤਾਕਤ ਵਿਭਿੰਨਤਾ ਵਿੱਚ ਏਕਤਾ ਦੀ ਸਾਡੀ ਸਮਝ ਵਿੱਚ ਹੈ।'

ਮਲੇਸ਼ੀਆ ਲਈ ਭਾਰਤ ਦਾ ਯੂ.ਪੀ.ਆਈ.: ਕੁਆਲਾਲੰਪੁਰ ਵਿੱਚ ਭੀੜ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,'ਮੈਨੂੰ ਤੁਹਾਡੇ ਸਾਰਿਆਂ ਨਾਲ ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਦਾ ਯੂ.ਪੀ.ਆਈ. ਜਲਦੀ ਹੀ ਮਲੇਸ਼ੀਆ ਵਿੱਚ ਆਵੇਗਾ।' ਪ੍ਰਧਾਨ ਮੰਤਰੀ ਨੇ ਦੱਸਿਆ ਕਿ ਦੁਨੀਆ ਦੇ ਅੱਧੇ ਡਿਜੀਟਲ ਲੈਣ-ਦੇਣ ਭਾਰਤ ਵਿੱਚ ਹੁੰਦੇ ਹਨ। ਭਾਰਤ ਨਿਵੇਸ਼ ਅਤੇ ਵਪਾਰ ਦਾ ਕੇਂਦਰ ਬਣ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ,'ਅਸੀਂ ਹਿੰਦ ਮਹਾਸਾਗਰ ਦੇ ਨੀਲੇ ਪਾਣੀਆਂ ਨੂੰ ਸਾਂਝਾ ਕਰਦੇ ਹਾਂ। ਮੈਂ ਤੁਹਾਨੂੰ ਸ਼ਾਨਦਾਰ ਭਾਰਤ ਦਾ ਦੌਰਾ ਕਰਨ ਅਤੇ ਅਨੁਭਵ ਕਰਨ ਲਈ ਉਤਸ਼ਾਹਿਤ ਕਰਦਾ ਹਾਂ।'

ਭਾਰਤ ਵਿੱਚ ਇੱਕ ਦਹਾਕੇ ਵਿੱਚ ਮਹੱਤਵਪੂਰਨ ਬਦਲਾਅ ਆਏ: ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਭਾਰਤ ਵਿੱਚ ਇੱਕ ਦਹਾਕੇ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ। ਇੱਕ ਵਾਰ 11ਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦੇ ਬਾਵਜੂਦ, ਅਸੀਂ ਹੁਣ ਚੋਟੀ ਦੇ ਤਿੰਨ ਵਿੱਚ ਦਾਖਲ ਹੋਣ ਵਾਲੇ ਹਾਂ। ਅਸੀਂ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਵੀ ਹਾਂ।' ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ,'ਮੇਕ ਇਨ ਇੰਡੀਆ ਇੱਕ ਛੋਟਾ ਜਿਹਾ ਪੌਦਾ ਸੀ ਜੋ ਹੁਣੇ ਹੀ ਲਗਾਇਆ ਗਿਆ ਸੀ। ਹੁਣ ਭਾਰਤ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਮੋਬਾਈਲ ਫੋਨ ਨਿਰਮਾਤਾਵਾਂ ਵਿੱਚੋਂ ਇੱਕ ਹੈ। ਅਸੀਂ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਹੱਬ ਬਣਾਇਆ ਹੈ।' ਪ੍ਰਧਾਨ ਮੰਤਰੀ ਮੋਦੀ ਨੇ ਮਲੇਸ਼ੀਆ ਵਿੱਚ ਇੱਕ ਵਿਕਸਤ ਭਾਰਤ ਦੇ ਸੁਪਨੇ ਨੂੰ ਦੁਹਰਾਉਂਦੇ ਹੋਏ ਕਿਹਾ,'ਭਾਰਤ ਦੇ ਲੋਕ 2047 ਤੱਕ ਇੱਕ ਵਿਕਸਤ ਭਾਰਤ ਦਾ ਨਿਰਮਾਣ ਕਰਨਗੇ।'

### ਵਿਦੇਸ਼ ਮੰਤਰਾਲੇ ਨੇ ਭਗਵੰਤ ਮਾਨ ਨੂੰ

ਸਮਾਂ ਵੀ ਤੈਅ ਕਰ ਲਿਆ ਸੀ, ਪਰ ਮਨਜ਼ੂਰੀ ਨਾ ਮਿਲਣ ਕਾਰਨ ਹੁਣ ਸਾਰਾ ਪ੍ਰੋਗਰਾਮ ਦਾਅ 'ਤੇ ਲੱਗ ਗਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਮੁੱਖ ਮੰਤਰੀ ਦੇ ਵਿਦੇਸ਼ੀ ਦੌਰੇ ਵਿੱਚ ਅੜਿੱਕਾ ਡਾਹਿਆ ਗਿਆ ਹੋਵੇ। ਇਸ ਤੋਂ ਪਹਿਲਾਂ ਇਸੇ ਸਾਲ ਜਨਵਰੀ ਵਿੱਚ ਵੀ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ ਬ੍ਰਿਟੇਨ ਅਤੇ ਇਜ਼ਰਾਈਲ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਵਾਰ ਵੀ ਪੰਜਾਬ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਮੁੱਖ ਮੰਤਰੀ ਦੇ ਨਾਲ ਰਵਾਨਾ ਹੋਣਾ ਸੀ।

### ਕੀ ਅਡਾਨੀ ਭਾਰਤ ਦੇ ਸਭ ਤੋਂ ਵੱਡੇ

ਉਹ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਵਧਦੇ ਪ੍ਰਭਾਵ ਅਤੇ ਮੀਡੀਆ ਉਦਯੋਗ ਵਿੱਚ ਤੇਜ਼ੀ ਨਾਲ ਤਕਨੀਕੀ ਤਬਦੀਲੀਆਂ ਦੇ ਵਿਚਕਾਰ ਰਵਾਇਤੀ ਪ੍ਰਿੰਟ-ਅਧਾਰਤ ਮਾਡਲ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਚਿੰਤਤ ਹਨ।

ਦੱਸਿਆ ਗਿਆ ਹੈ ਕਿ ਸਮੀਰ ਜੈਨ ਇਸ ਸਮੇਂ ਕੈਲੀਫੋਰਨੀਆ, ਅਮਰੀਕਾ ਵਿੱਚ ਹੈ, ਆਪਣੀ ਧੀ ਅਤੇ ਜਵਾਈ ਸਮੇਤ ਨਜ਼ਦੀਕੀ ਪਰਿਵਾਰਕ ਮੈਂਬਰਾਂ ਨਾਲ ਸੰਭਾਵੀ ਵਿਕਰੀ ਜਾਂ ਪੁਨਰਗਠਨ 'ਤੇ ਚਰਚਾ ਕਰ ਰਿਹਾ ਹੈ। ਪਰਿਵਾਰ ਦਾ ਇੱਕ ਵਰਗ ਇਸਨੂੰ ਬਦਲਦੇ ਮੀਡੀਆ ਦ੍ਰਿਸ਼ ਵਿੱਚ ਇੱਕ ਵਿਹਾਰਕ ਕਦਮ ਵਜੋਂ ਦੇਖਦਾ ਹੈ।

ਇਸ ਦੌਰਾਨ, ਟਾਈਮਜ਼ ਗਰੁੱਪ ਦੇ ਅੰਦਰ, ਮੀਡੀਆ ਹਾਊਸ ਦਾ ਪ੍ਰਭਾਵਸ਼ਾਲੀ ਕੰਟਰੋਲ ਸਮੀਰ ਜੈਨ ਅਤੇ ਉਸਦੇ ਛੋਟੇ ਭਰਾ, ਵਿਨੀਤ ਜੈਨ ਵਿਚਕਾਰ ਵੰਡਿਆ ਹੋਇਆ ਮੰਨਿਆ ਜਾਂਦਾ ਹੈ। ਸਰੋਤ ਦੱਸਦੇ ਹਨ ਕਿ ਵਿਨੀਤ ਜੈਨ ਗਰੁੱਪ ਦੇ ਟੈਲੀਵਿਜ਼ਨ ਅਤੇ ਫਿਲਮ ਨਿਰਮਾਣ ਕਾਰਜਾਂ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਨਿਯੰਤਰਿਤ ਕਰਦੇ ਹਨ, ਜੋ ਕਿ ਨਿਵੇਸ਼ਕਾਂ ਲਈ ਆਕਰਸ਼ਕ ਹੋ ਸਕਦਾ ਹੈ ਜੇਕਰ ਇੱਕ ਵਿਆਪਕ ਪੁਨਰਗਠਨ ਹੁੰਦਾ ਹੈ।

ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਸੰਭਾਵੀ ਵਿਕਰੀ ਜਾਂ ਸੰਪਤੀ ਵਿਨਿਵੇਸ਼ 'ਤੇ ਵਿਨੀਤ ਜੈਨ ਦਾ ਕੀ ਰੁਖ਼ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਟਾਈਮਜ਼ ਆਫ਼ ਇੰਡੀਆ ਵਰਗੇ ਪ੍ਰਮੁੱਖ ਬ੍ਰਾਂਡ ਨਾਲ ਸਬੰਧਤ ਕੋਈ ਵੀ ਵੱਡਾ ਸੌਦਾ ਦੋਵਾਂ ਭਰਾਵਾਂ ਦੀ ਸਹਿਮਤੀ ਤੋਂ ਬਿਨਾਂ ਅਸੰਭਵ ਹੋਵੇਗਾ, ਕਿਉਂਕਿ ਸਮੂਹ ਦੀਆਂ ਮੀਡੀਆ ਸੰਪਤੀਆਂ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ।ਸੂਤਰਾਂ ਅਨੁਸਾਰ, ਦੇਸ਼ ਦੇ ਦੋ ਸਭ ਤੋਂ ਵੱਡੇ ਕਾਰਪੋਰੇਟ ਦਿੱਗਜ - ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ - ਇਸ ਸੰਭਾਵੀ ਸੌਦੇ ਵਿੱਚ ਦਿਲਚਸਪੀ ਰੱਖਦੇ ਹਨ। ਹਾਲ ਹੀ ਦੇ ਸਾਲਾਂ ਵਿੱਚ ਦੋਵੇਂ ਕਾਰੋਬਾਰੀ ਮੀਡੀਆ, ਟੈਲੀਕਾਮ ਅਤੇ ਡਿਜੀਟਲ ਖੇਤਰਾਂ ਵਿੱਚ ਹਮਲਾਵਰ ਢੰਗ ਨਾਲ ਫੈਲ ਗਏ ਹਨ।

ਹਾਲਾਂਕਿ ਅਜੇ ਤੱਕ ਕੋਈ ਰਸਮੀ ਬੋਲੀ ਜਾਂ ਜਨਤਕ ਐਲਾਨ ਨਹੀਂ ਕੀਤਾ ਗਿਆ ਹੈ, ਦਿਲਚਸਪੀ ਦੇ ਅੰਦਰੂਨੀ ਸੰਕੇਤ ਹਨ ਅਤੇ ਗੈਰ-ਰਸਮੀ ਚਰਚਾਵਾਂ ਚੱਲ ਰਹੀਆਂ ਹਨ।

ਜੇਕਰ ਇਹ ਅਟਕਲਾਂ ਸਹੀ ਸਾਬਤ ਹੁੰਦੀਆਂ ਹਨ, ਤਾਂ ਇਹ ਭਾਰਤੀ ਮੀਡੀਆ ਇਤਿਹਾਸ ਵਿੱਚ ਸਭ ਤੋਂ ਵੱਡੇ ਮਾਲਕੀ ਬਦਲਾਅ ਵਿੱਚੋਂ ਇੱਕ ਹੋਵੇਗਾ, ਜੋ ਪੂਰੇ ਨਿਊਜ਼ ਈਕੋਸਿਸਟਮ ਨੂੰ ਪ੍ਰਭਾਵਤ ਕਰੇਗਾ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਅਮਿਤ ਸ਼ਾਹ ਵੱਲੋਂ ਜੰਮੂ 'ਚ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਲਈ ਕੀਤੀ ਮੀਟਿੰਗ ਦੀ ਪ੍ਰਧਾਨਗੀ



ਜੰਮੂ, 7 ਫਰਵਰੀ (ਚ.ਨ.ਸ.) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਵਿੱਚ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਮੁੱਖ ਯੋਜਨਾਵਾਂ ਨੂੰ ਲਾਗੂ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਲੋਕ ਭਵਨ ਵਿਖੇ ਚੱਲ ਰਹੀ ਇਸ ਮੀਟਿੰਗ ਵਿੱਚ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ, ਮੁੱਖ ਮੰਤਰੀ ਉਮਰ ਅਬਦੁੱਲਾ, ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ, ਜੰਮੂ-ਕਸ਼ਮੀਰ ਦੇ ਮੁੱਖ ਸਕੱਤਰ ਅਟਲ ਦੂਲੂ ਅਤੇ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਨਲਿਨ ਪ੍ਰਭਾਤ ਸਮੇਤ ਹੋਰ ਲੋਕ ਸ਼ਾਮਲ ਹੋਏ।

ਸ਼ਾਹ ਵੀਰਵਾਰ ਦੇਰ ਰਾਤ ਜੰਮੂ ਪਹੁੰਚੇ ਅਤੇ ਸ਼ੁੱਕਰਵਾਰ ਨੂੰ ਕਠੂਆ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਗੁਰਨਾਮ ਅਤੇ ਬੋਬੀਆਂ ਵਿਖੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੀਆਂ ਫਾਰਵਰਡ ਪੋਸਟਾਂ ਦਾ ਦੌਰਾ ਕਰਕੇ ਇਸ ਖੇਤਰ ਦੇ ਆਪਣੇ ਦੋ ਦਿਨਾਂ ਦੌਰੇ ਦੀ ਸ਼ੁਰੂਆਤ ਕੀਤੀ। ਕਠੂਆ ਤੋਂ ਵਾਪਸ ਆਉਣ 'ਤੇ ਸ਼ਾਹ ਨੇ ਇੱਕ ਸੁਰੱਖਿਆ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਸਮੇਤ ਹੋਰ ਲੋਕ ਸ਼ਾਮਲ ਹੋਏ ਮੀਟਿੰਗ ਦਾ ਮੁੱਖ ਉਦੇਸ਼ ਜੰਮੂ-ਕਸ਼ਮੀਰ ਨੂੰ ਅੱਤਵਾਦ ਤੋਂ ਮੁਕਤ ਕਰਨਾ ਸੀ। ਗ੍ਰਹਿ ਮੰਤਰੀ ਨੇ ਅੱਤਵਾਦ ਨਾਲ ਲੜਦੇ ਹੋਏ ਆਪਣੀਆਂ ਜਾਨਾਂ ਵਾਰਨ ਵਾਲੇ ਕਈ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨੌਕਰੀ ਪੱਤਰ ਸੌਂਪੇ।

ਸ਼ੁੱਕਰਵਾਰ ਨੂੰ ਭਾਜਪਾ ਦਾ ਇੱਕ ਵਫ਼ਦ ਵੀ ਗ੍ਰਹਿ ਮੰਤਰੀ ਨਾਲ ਮਿਲਿਆ। ਸ਼ਾਹ ਨੇ ਮੀਟਿੰਗ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, 'ਅੱਜ ਜੰਮੂ ਵਿੱਚ ਜੰਮੂ ਅਤੇ ਕਸ਼ਮੀਰ ਇਕਾਈ ਦੇ ਭਾਜਪਾ ਅਹੁਦੇਦਾਰਾਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਮੀਟਿੰਗਾਂ ਕੀਤੀਆਂ। ਭਾਜਪਾ ਮੋਦੀ ਜੀ ਦੇ ਵਿਕਾਸ ਕਾਰਜਾਂ ਦੀ ਜ਼ਮੀਨੀ ਪੱਧਰ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਕੰਮ ਕਰਨਾ ਜਾਰੀ ਰੱਖੇਗੀ ਅਤੇ 'ਵਿਕਸਤ ਜੰਮੂ ਅਤੇ ਕਸ਼ਮੀਰ, ਸੁਰੱਖਿਅਤ ਜੰਮੂ ਅਤੇ ਕਸ਼ਮੀਰ' ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਸੰਗਠਨ ਦਾ ਵਿਸਥਾਰ ਕਰੇਗੀ।' ਅਧਿਕਾਰੀਆਂ ਨੇ ਦੱਸਿਆ ਕਿ ਸਮੀਖਿਆ ਮੀਟਿੰਗ ਸਮਾਪਤ ਹੋਣ ਤੋਂ ਬਾਅਦ ਗ੍ਰਹਿ ਮੰਤਰੀ ਸ਼ਨੀਵਾਰ ਦੁਪਹਿਰ ਨੂੰ ਦਿੱਲੀ ਵਾਪਸ ਆਉਣਗੇ।

# ਕੈਨੇਡਾ 'ਚ ਪਿਛਲੇ ਸੱਤ ਸਾਲਾਂ ਦੌਰਾਨ 17 ਭਾਰਤੀ ਵਿਦਿਆਰਥੀਆਂ ਦੀ ਹੋਈ ਮੌਤ



ਨਵੀਂ ਦਿੱਲੀ, 7 ਫਰਵਰੀ (ਚ.ਨ.ਸ.) : ਭਾਰਤ ਸਰਕਾਰ ਨੇ ਵਿਦੇਸ਼ ਵਿੱਚ, ਖਾਸ ਕਰਕੇ ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੇ ਅੰਕੜੇ ਸਾਂਝੇ ਕਰਦਿਆਂ ਚਿੰਤਾ ਪ੍ਰਗਟਾਈ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਸੰਸਦ ਵਿੱਚ ਦੱਸਿਆ ਕਿ ਸਾਲ 2018 ਤੋਂ 2025 ਵਿਚਕਾਰ ਇਕੱਲੇ ਕੈਨੇਡਾ ਵਿੱਚ ਹੀ 17 ਭਾਰਤੀ ਵਿਦਿਆਰਥੀਆਂ ਦੀ ਜਾਨ ਚਲੀ ਗਈ। ਇਹ ਸਾਰੇ ਵਿਦਿਆਰਥੀ ਵੱਖ-ਵੱਖ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਏ ਸਨ।

ਵਿਦੇਸ਼ ਰਾਜ ਮੰਤਰੀ ਨੇ ਸੰਸਦ ਮੈਂਬਰ ਅਸਦੁਦੀਨ ਓਵੈਸੀ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਓਵੈਸੀ ਨੇ ਪੁੱਛਿਆ ਸੀ ਕਿ ਕੀ ਸਰਕਾਰ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਵਿਰੁੱਧ ਵਧ ਰਹੀ ਹਿੰਸਾ ਦੀਆਂ ਘਟਨਾਵਾਂ ਤੋਂ ਜਾਣੂ ਹੈ ਅਤੇ ਕੀ ਇਨ੍ਹਾਂ ਦੀ ਸਮੇਂ ਸਿਰ ਜਾਂਚ ਕੀਤੀ ਜਾ ਰਹੀ ਹੈ।ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਿਰਫ਼ ਕੈਨੇਡਾ ਹੀ ਨਹੀਂ ਸਗੋਂ ਹੋਰ ਦੇਸ਼ਾਂ ਵਿੱਚ ਵੀ ਭਾਰਤੀ ਨਾਗਰਿਕ ਹਿੰਸਾ ਦਾ ਸ਼ਿਕਾਰ ਹੋਏ ਹਨ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ 17 ਮੌਤਾਂ, ਅਮਰੀਕਾ ਵਿਚ 9 ਮੌਤਾਂ, ਆਸਟ੍ਰੇਲੀਆ ਵਿਚ 3 ਮੌਤਾਂ, ਕਿਰਗਿਸਤਾਨ ਵਿਚ 2 ਮੌਤਾਂ, ਬ੍ਰਿਟੇਨ, ਚੀਨ, ਡੈਨਮਾਰਕ, ਜਰਮਨੀ ਅਤੇ ਗ੍ਰੇਨਾਡਾ ਵਿਚ 1-1 ਭਾਰਤੀ ਨਾਗਰਿਕ ਦੀ ਮੌਤ ਹੋਈ ਹੈ।

ਕੇਂਦਰੀ ਮੰਤਰੀ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨ ਲਗਾਤਾਰ ਵਿਦਿਆਰਥੀਆਂ ਦੇ ਸੰਪਰਕ ਵਿੱਚ ਰਹਿੰਦੇ ਹਨ। ਵਿਦਿਆਰਥੀਆਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਅਤੇ ਉੱਥੇ ਪਹੁੰਚਣ ਤੋਂ ਬਾਅਦ ਓਰੀਐਂਟੇਸ਼ਨ ਰਾਹੀਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਸਬੰਧਤ ਦੇਸ਼ ਵਿੱਚ ਪੇਸ਼ ਆਉਣ ਵਾਲੀਆਂ ਚੁਣੌਤੀਆਂ ਅਤੇ ਖ਼ਤਰਿਆਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ।

## ਸੰਪਾਦਕੀ

# ਤੋਹਫ਼ਿਆਂ ਦੀ ਰਾਜਨੀਤੀ

ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਲੁਭਾਉਣ ਲਈ ਰਾਜਨੀਤਿਕ ਪਾਰਟੀਆਂ ਵੱਲੋਂ ਵਰਤੀਆਂ ਜਾਂਦੀਆਂ ਮੁਫ਼ਤ ਤੋਹਫ਼ਿਆਂ ਅਤੇ ਤੋਹਫ਼ਿਆਂ ਦੀ ਰਾਜਨੀਤੀ ਨੇ ਨਤੀਜਿਆਂ ਦੀ ਇਮਾਨਦਾਰੀ ਨੂੰ ਦਾਅ 'ਤੇ ਲਗਾ ਦਿੱਤਾ ਹੈ। ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਭਾਰਤੀ ਰਾਜਨੀਤੀ ਵਿੱਚ ਤੇਜ਼ੀ ਨਾਲ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਜਦੋਂ ਕਿ ਇਸ ਮੁੱਦੇ 'ਤੇ ਸਵਾਲ ਉਠਾਏ ਗਏ ਹਨ, ਮੁਫ਼ਤ ਤੋਹਫ਼ਿਆਂ ਰਾਹੀਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਨੂੰ ਲੋਕਤੰਤਰ ਲਈ ਇੱਕ ਖ਼ਤਰਨਾਕ ਅਭਿਆਸ ਦੱਸਿਆ ਗਿਆ ਹੈ। ਵਿਅੰਗਾਤਮਕ ਤੌਰ 'ਤੇ ਜਦੋਂ ਕਿ ਲਗਭਗ ਸਾਰੀਆਂ ਰਾਜਨੀਤਿਕ ਪਾਰਟੀਆਂ ਇਸ ਰੁਝਾਨ 'ਤੇ ਸਵਾਲ ਉਠਾਉਂਦੀਆਂ ਹਨ, ਉਹ ਮੌਕਾ ਮਿਲਣ 'ਤੇ ਵੀ ਇਸ ਰਣਨੀਤੀ ਦਾ ਸਹਾਰਾ ਲੈਂਦੀਆਂ ਹਨ। ਖਾਸ ਤੌਰ 'ਤੇ ਸੱਤਾ ਵਿੱਚ ਪਾਰਟੀਆਂ ਜਾਂ ਗੱਠਜੋੜ ਅਕਸਰ ਚੋਣਾਂ ਤੋਂ ਠੀਕ ਪਹਿਲਾਂ ਸਿਰਫ਼ ਵਾਅਦੇ ਜਾਂ ਐਲਾਨ ਹੀ ਨਹੀਂ, ਸਗੋਂ ਯੋਜਨਾਵਾਂ ਜਾਂ ਪ੍ਰੋਗਰਾਮਾਂ ਨੂੰ ਲਾਗੂ ਕਰਕੇ ਵੋਟਰਾਂ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਸੁਪਰੀਮ ਕੋਰਟ ਨੇ ਵੀ ਵਾਰ-ਵਾਰ ਮੁਫ਼ਤ ਤੋਹਫ਼ਿਆਂ ਨੂੰ ਭਾਰਤੀ ਰਾਜਨੀਤੀ ਵਿੱਚ ਇੱਕ ਖ਼ਤਰਨਾਕ ਰੁਝਾਨ ਦੱਸਿਆ ਹੈ, ਫਿਰ ਵੀ ਇਸ ਅਭਿਆਸ ਨੂੰ ਰੋਕਣ ਲਈ ਕੋਈ ਠੋਸ ਨਿਯਮ ਨਹੀਂ ਬਣਾਏ ਗਏ ਹਨ। ਇਹੀ ਕਾਰਨ ਹੈ ਕਿ ਅੱਜ ਅਸੀਂ ਰਾਜਨੀਤਿਕ ਪਾਰਟੀਆਂ ਵਿੱਚ ਇੱਕ ਮੁਕਾਬਲਾ ਦੇਖਦੇ ਹਾਂ ਕਿ ਵੋਟਰਾਂ ਨੂੰ ਉਨ੍ਹਾਂ ਦੀਆਂ ਵੋਟਾਂ ਜਿੱਤਣ ਲਈ ਸਭ ਤੋਂ ਵੱਧ ਲਾਭ ਕੌਣ ਐਲਾਨ ਸਕਦਾ ਹੈ। ਨਤੀਜੇ ਵਜੋਂ, ਸਾਫ਼-ਸੁਥਰੇ ਚੋਣਾਂ ਅਤੇ ਵਿਵਾਦ-ਮੁਕਤ ਨਤੀਜਿਆਂ ਨੂੰ ਹੁਣ ਸਦਭਾਵਨਾ ਦੇ ਰੂਪ ਵਜੋਂ ਦੇਖਿਆ ਜਾਂਦਾ ਹੈ। ਇਹ ਉਮੀਦ ਕਰਨਾ ਮੁਸ਼ਕਲ ਜਾਪਦਾ ਹੈ ਕਿ ਰਾਜਨੀਤਿਕ ਪਾਰਟੀਆਂ ਚੋਣ ਜਿੱਤ ਨੂੰ ਸੁਰੱਖਿਅਤ ਕਰਨ ਲਈ ਮੁਫ਼ਤ ਤੋਹਫ਼ੇ ਦੇਣ ਦੇ ਅਭਿਆਸ ਨੂੰ ਰੋਕਣ ਲਈ ਕੋਈ ਪਹਿਲ ਕਰਨਗੀਆਂ। ਇਸ ਲਈ ਸੁਪਰੀਮ ਕੋਰਟ ਵੱਲੋਂ ਵੀਰਵਾਰ ਨੂੰ ਇਸ ਮੁੱਦੇ 'ਤੇ ਇੱਕ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦੇਣ ਨਾਲ ਇੱਕ ਵਾਰ ਫਿਰ ਮੁਫ਼ਤ ਦੀਆਂ ਚੀਜ਼ਾਂ ਦੀ ਪ੍ਰਥਾ 'ਤੇ ਰੋਕ ਲਗਾਉਣ ਦੀਆਂ ਉਮੀਦਾਂ ਜਗ ਗਈਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਲਗਭਗ ਚਾਰ ਸਾਲ ਪਹਿਲਾਂ, ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਤੋਂ ਚੋਣਾਂ ਤੋਂ ਪਹਿਲਾਂ ਤਰਕਹੀਣ ਮੁਫ਼ਤ ਦੀਆਂ ਚੀਜ਼ਾਂ ਦਾ ਐਲਾਨ ਕਰਨ ਜਾਂ ਵੰਡਣ ਵਾਲੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਚੋਣ ਚਿੰਨ੍ਹ ਨੂੰ ਜ਼ਬਤ ਕਰਨ ਜਾਂ ਰਜਿਸਟਰੇਸ਼ਨ ਰੱਦ ਕਰਨ ਦੀ ਬੇਨਤੀ ਕਰਨ ਵਾਲੀ ਪਟੀਸ਼ਨ 'ਤੇ ਜਵਾਬ ਮੰਗਿਆ ਸੀ। ਉਸ ਸਮੇਂ, ਬੈਂਚ ਨੇ ਇਸਨੂੰ ਇੱਕ ਗੰਭੀਰ ਮੁੱਦਾ ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਮੁਫ਼ਤ ਦੀਆਂ ਚੀਜ਼ਾਂ ਦਾ ਬਜਟ ਕਈ ਵਾਰ ਨਿਯਮਤ ਬਜਟ ਤੋਂ ਵੱਧ ਜਾਂਦਾ ਹੈ। ਸਵਾਲ ਇਹ ਹੈ: ਜੇਕਰ ਕੋਈ ਵੋਟਰ ਮੁਫ਼ਤ ਦੀਆਂ ਚੀਜ਼ਾਂ ਦੇ ਪ੍ਰਭਾਵ ਹੇਠ ਕਿਸੇ ਉਮੀਦਵਾਰ ਨੂੰ ਵੋਟ ਦਿੰਦਾ ਹੈ, ਤਾਂ ਕੀ ਇਸਨੂੰ ਸੌਦੇਬਾਜ਼ੀ ਦਾ ਇੱਕ ਰੂਪ ਨਹੀਂ ਮੰਨਿਆ ਜਾਵੇਗਾ? ਜੇਕਰ ਕੋਈ ਸੱਤਾਧਾਰੀ ਪਾਰਟੀ ਚੋਣਾਂ ਤੋਂ ਠੀਕ ਪਹਿਲਾਂ ਕਿਸੇ ਯੋਜਨਾ ਜਾਂ ਪ੍ਰੋਗਰਾਮ ਰਾਹੀਂ ਵੋਟਰਾਂ ਨੂੰ ਵਿੱਤੀ ਲਾਭ ਪ੍ਰਦਾਨ ਕਰਦੀ ਹੈ, ਤਾਂ ਉਸਦੀ ਜਿੱਤ ਨੂੰ ਕਿੰਨਾ ਕੁ ਜਾਇਜ਼ ਮੰਨਿਆ ਜਾਵੇਗਾ? ਮੁਫ਼ਤ ਦੀ ਵਧਦੀ ਰਾਜਨੀਤੀ ਦੇ ਵਿਚਕਾਰ ਹੋਣ ਵਾਲੀਆਂ ਚੋਣਾਂ ਨੂੰ ਕਿਸ ਹੱਦ ਤੱਕ ਸਾਫ਼ ਅਤੇ ਮੁਫ਼ਤ ਮੰਨਿਆ ਜਾ ਸਕਦਾ ਹੈ? ਦੁੱਖ ਦੀ ਗੱਲ ਹੈ ਕਿ ਇਸ ਲੰਬੇ ਸਮੇਂ ਤੋਂ ਚੱਲ ਰਹੇ ਸਵਾਲ ਦੇ ਬਾਵਜੂਦ, ਅਜੇ ਵੀ ਕੋਈ ਕਾਨੂੰਨ ਨਹੀਂ ਹੈ ਜੋ ਰਾਜਨੀਤਿਕ ਪਾਰਟੀਆਂ ਨੂੰ ਮੁਫ਼ਤ ਦੀਆਂ ਚੀਜ਼ਾਂ ਨਾਲ ਵੋਟਰਾਂ ਨੂੰ ਭਰਮਾਉਣ ਅਤੇ ਉਨ੍ਹਾਂ ਦੀਆਂ ਵੋਟਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਤੋਂ ਰੋਕੇ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਤਰਕਹੀਣ ਮੁਫ਼ਤ ਦੇ ਚੋਣ ਵਾਅਦੇ ਵੋਟਰਾਂ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਹਨ, ਅਤੇ ਇਹ ਨਾ ਸਿਰਫ਼ ਰਾਜਨੀਤਿਕ ਪਾਰਟੀਆਂ ਵਿਚਕਾਰ ਸਿਹਤਮੰਦ ਲੋਕਤੰਤਰੀ ਮੁਕਾਬਲੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਬਲਕਿ ਚੋਣ ਪ੍ਰਕਿਰਿਆ ਦੀ ਸ਼ੁੱਧਤਾ ਨੂੰ ਵੀ ਦਾਗ਼ੀ ਕਰਦਾ ਹੈ। -ਜਗਜੀਤ ਸਿੰਘ ਦਰਦੀ

### ਆਓ, ਪੰਜਾਬ ਲਈ ਅਰਦਾਸ ਕਰੀਏ-ਗੁਰ ਰਾਮਦਾਸ ਰਾਖਹੁ ਸਰਣਾਈ !

# 'ਨਾਨਕ ਨਾਮੁ ਜਪੈ ਸੋ ਜੀਵੈ' ਦਾ ਸੰਕਲਪ ਮਨ ਦੀ ਜ਼ਮੀਨ 'ਤੇ ਉਤਾਰਨ ਦੀ ਗੱਲ ਕਰੀਏ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਆਓ, ਅੱਜ ਪੰਜਾਬ ਲਈ ਅਰਦਾਸ ਕਰੀਏ।

ਗੁਰੂਆਂ ਦੇ ਨਾਂ 'ਤੇ ਵਸੀ ਹੋਈ ਪੰਜਾਬ ਦੀ ਜਰਖੇਜ਼ ਤੇ ਭਾਗਾਂ ਵਾਲੀ ਧਰਤੀ ਨੂੰ ਕਿਸ ਦੀ ਨਜ਼ਰ ਲੱਗੀ ਹੈ। ਆਓ, ਪੰਜਾਬ ਦੇ ਚੰਗੇ ਭਵਿੱਖ ਲਈ ਗੁਰੂ ਦੀ ਸ਼ਰਨ ਵਿੱਚ ਜਾਈਏ ਤੇ ਰਹਿਮਤਾਂ ਬਖਸ਼ਿਸ਼ਾਂ ਨਾਲ ਆਪਣੇ ਆਪ ਨੂੰ ਭਰ ਲਈਏ। ਪੰਜਾਬ ਅੱਜ ਇੱਕ ਅਜਿਹੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਨੇ ਨਾ ਸਿਰਫ਼ ਆਰਥਿਕ ਤੇ ਸਮਾਜਿਕ ਢਾਂਚੇ ਨੂੰ ਹਿਲਾ ਦਿੱਤਾ ਹੈ, ਸਗੋਂ ਸਾਡੀ ਪਹਿਚਾਣ, ਸਭਿਆਚਾਰ ਅਤੇ ਅਸਲੀਅਤ ਨੂੰ ਵੀ ਡੂੰਘਾ ਜ਼ਖ਼ਮ ਪਹੁੰਚਾਇਆ ਹੈ। ਇਹ ਸੰਕਟ ਕੋਈ ਇੱਕ ਰੋਗ ਨਹੀਂ, ਸਗੋਂ ਬਹੁਤ ਸਾਰੇ ਜ਼ਹਿਰੀਲੇ ਤੱਤਾਂ ਦਾ ਸੰਯੋਜਨ ਹੈ ਜੋ ਸਾਡੇ ਸਮਾਜ ਦੀਆਂ ਨਾੜੀਆਂ ਵਿੱਚ ਵਹਿ ਰਿਹਾ ਹੈ।

ਅੱਜ ਬੇਰੁਜ਼ਗਾਰੀ ਦੀ ਅੱਗ, ਕਿਸਾਨਾਂ ਦੀ ਬੇਬੱਸੀ, ਨੌਜਵਾਨਾਂ ਦਾ ਭਟਕਾਅ, ਨਸ਼ਿਆਂ ਦਾ ਸਾਇਆ, ਗੈਂਗਸਟਰੀ ਦੀ ਤਾਕਤ, ਸੜਕਾਂ 'ਤੇ ਰੋਜ਼ਾਨਾ ਹੋਣ ਵਾਲੀਆਂ ਮੌਤਾਂ, ਦਫ਼ਤਰੀ ਭ੍ਰਿਸ਼ਟਾਚਾਰ, ਰਾਜਨੀਤਿਕ ਪਾਰਟੀਆਂ ਦਾ ਘਟੀਆਪਣ ਅਤੇ ਬਿਨਾਂ ਏਜੰਡੇ ਦੀਆਂ ਟੂਣੇ-ਡੇਰਿਆਂ ਵਾਲੀ ਰਾਜਨੀਤੀ—ਇਹ ਸਭ ਮਿਲ ਕੇ ਪੰਜਾਬ ਨੂੰ ਇੱਕ ਅਜਿਹੇ ਅੰਧੇਰੇ ਵੱਲ ਧੱਕ ਰਹੇ ਹਨ, ਜਿੱਥੇ ਆਸ ਦੀ ਕਿਰਨ ਵੀ ਮੱਧਮ ਪੈ ਰਹੀ ਹੈ ਪਰ ਅਸੀਂ ਸਿੱਖਾਂ ਦੀ ਧਰਤੀ 'ਤੇ ਵੱਸਦੇ ਹਾਂ।

ਅਸੀਂ ਉਸ ਪੰਜਾਬ ਦੇ ਵਾਸੀ ਹਾਂ ਜਿੱਥੇ ਗੁਰੂ ਨਾਨਕ ਪਾਤਸ਼ਾਹ ਨੇ ਮਾਨਵਤਾ ਦਾ ਪਾਠ ਪੜ੍ਹਾਇਆ, ਗੁਰੂ ਅਰਜਨ ਦੇਵ ਜੀ ਨੇ ਸਹਿਣਸ਼ੀਲਤਾ ਦੀ ਮਿਸਾਲ ਕਾਇਮ ਕੀਤੀ, ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਸੰਦੇਸ਼ ਦਿੱਤਾ ਅਤੇ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਾਹਿਬ ਵਰਗਾ ਸਰੋਵਰ ਖੋਦ ਕੇ ਸਰਬੱਤ ਦਾ ਭਲਾ ਸਿਖਾਇਆ। ਅੱਜ ਜਦੋਂ ਪੰਜਾਬ ਬਲ ਰਿਹਾ ਹੈ, ਤਾਂ ਸਾਨੂੰ ਉਸੇ ਗੁਰੂ ਰਾਮਦਾਸ ਜੀ ਦੀ ਸ਼ਰਨ ਵਿੱਚ ਜਾ ਕੇ ਅਰਦਾਸ ਕਰਨੀ ਚਾਹੀਦੀ ਹੈ—ਗੁਰ ਰਾਮਦਾਸ ਰਾਖਹੁ ਸਰਣਾਈ ॥

ਇਹ ਸ਼ਬਦ ਨਾ ਸਿਰਫ਼ ਇੱਕ ਅਰਦਾਸ ਹੈ, ਸਗੋਂ ਇੱਕ ਡੂੰਘੀ ਆਤਮਿਕ ਪੁਕਾਰ ਹੈ ਜੋ ਸਾਨੂੰ ਆਪਣੀਆਂ ਕਮਜ਼ੋਰੀਆਂ ਨੂੰ ਮੰਨਣ ਅਤੇ ਉੱਚੇ ਆਦਰਸ਼ਾਂ ਵੱਲ ਵਾਪਸ ਮੁੜਨ ਲਈ ਪ੍ਰੇਰਦੀ ਹੈ। ਭੱਟ ਕੀਰਤ ਜੀ ਨੇ ਇਸ ਸ਼ਬਦ ਵਿੱਚ ਆਪਣੀ ਨਿਮਾਣਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਸੀਂ ਪਾਪਾਂ ਨਾਲ ਭਰੇ ਹੋਏ ਹਾਂ, ਸਾਡੇ ਅੰਦਰ ਕੋਈ ਗੁਣ ਨਹੀਂ, ਪਰ ਫਿਰ ਵੀ ਗੁਰੂ ਰਾਮਦਾਸ ਜੀ ਸਾਡੀ ਰੱਖਿਆ ਕਰਨ ਵਾਲੇ ਹਨ। ਇਹੀ ਵਿਸ਼ਵਾਸ ਅੱਜ ਸਾਨੂੰ ਚਾਹੀਦਾ ਹੈ।

ਪੰਜਾਬ ਅੱਜ ਭਾਵੇਂ ਸੰਕਟਾਂ ਦੇ ਘੇਰੇ ਵਿੱਚ ਘਿਰਿਆ ਹੋਇਆ ਹੈ, ਪਰ ਇਸ ਧਰਤੀ ਦੀ ਰੂਹ ਅਜੇ ਵੀ ਜਿਉਂਦੀ ਹੈ। ਇਹ ਰੂਹ ਗੁਰੂ ਸਾਹਿਬਾਨ ਦੇ ਸੰਦੇਸ਼ ਵਿੱਚ, ਸੂਫੀਆਂ ਦੀ ਬਾਣੀ ਵਿੱਚ, ਲੋਕ ਗੀਤਾਂ ਦੀ ਧੁਨ ਵਿੱਚ ਅਤੇ ਮਹਾਨ ਕਵੀਆਂ ਦੀ ਕਲਮ ਵਿੱਚ ਵੱਸਦੀ ਹੈ। ਲਾਲਾ ਧਨੀ ਰਾਮ ਚਾਤ੍ਰਿਕ ਜੀ ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਮੰਨੇ ਜਾਂਦੇ ਹਨ। ਉਹਨਾਂ ਨੇ ਪੰਜਾਬੀ ਬੋਲੀ ਨੂੰ ਨਵੀਂ ਜ਼ਿੰਦਗੀ ਦਿੱਤੀ, ਇਸ ਨੂੰ ਛਾਪੇਖਾਨੇ ਵਿੱਚ ਲਿਆਂਦਾ ਅਤੇ ਪੰਜਾਬੀਅਤ ਦੀ ਸ਼ਾਨ ਨੂੰ ਕਵਿਤਾ ਦੇ ਰੂਪ ਵਿੱਚ ਅਮਰ ਕਰ ਦਿੱਤਾ। ਉਹਨਾਂ ਦੀ ਕਵਿਤਾ ਵਿੱਚ ਪੰਜਾਬ ਦੀ ਧਰਤੀ ਦੀ ਖੁਸ਼ਬੂ, ਨਦੀਆਂ ਦੀ ਰੌਣਕ, ਖੇਤਾਂ ਦੀ ਹਰਿਆਲੀ ਅਤੇ ਲੋਕਾਂ ਦੀ ਮਿਹਨਤ ਸਾਫ਼ ਝਲਕਦੀ ਹੈ।

ਚਾਤ੍ਰਿਕ ਜੀ ਦੀ ਇੱਕ ਮਸ਼ਹੂਰ ਕਵਿਤਾ 'ਪੰਜਾਬ' ਵਿੱਚ ਉਹ ਪੰਜਾਬ ਦੀ ਸਿਫ਼ਤ-ਸਾਲਾਹ ਕਰਦੇ ਹੋਏ ਕਹਿੰਦੇ ਹਨ।

ਐ ਪੰਜਾਬ! ਕਰਾਂ ਕੀ ਸਿਫ਼ਤ ਤੇਰੀ,
ਪੰਜਾਬ! ਕਰਾਂ ਕੀ ਸਿਫਤ ਤੇਰੀ
ਸ਼ਾਨਾਂ ਦੇ ਸਭ ਸਮਾਨ ਤੇਰੇ।
ਜਲ ਪੌਣ ਤੇਰੇ ਹਰਿਆਲ ਤੇਰੀ,
ਦਰਿਆ ਪਰਬਤ ਮੈਦਾਨ ਤੇਰੇ। ਭਾਰਤ ਦੇ ਸਿਰ ਛੱਤਰ ਤੇਰਾ,
ਤੇਰੇ ਸਿਰ ਤੇ ਛੱਤਰ ਹਿਮਾਲਾ ਦਾ।
ਮੋਢੇ ਤੇ ਚਾਦਰ ਬਰਫਾਂ ਦੀ,
ਸੀਨੇ ਵਿੱਚ ਸੇਕ ਜੁਆਲਾ ਦਾ। ਖੱਬੇ ਹੱਥ ਬਰਛੀ ਜਮਨਾ ਦੀ,
ਸੱਜੇ ਹੱਥ ਖੜਗ ਅਟਕ ਦਾ ਹੈ।
ਪਿੱਛਵਾੜੇ ਬੰਦ ਚੱਟਾਨਾਂ ਦਾ,
ਕੋਈ ਵੈਰੀ ਤੋੜ ਨਾ ਸਕਦਾ ਹੈ। ਅਰਸ਼ੀ ਬਰਕਤ ਰੂੰ ਵਾਂਗ ਉੱਤਰ,
ਚਾਂਦੀ ਦੇ ਢੇਰ ਲਗਾਂਦੀ ਹੈ।
ਚਾਂਦੀ ਢਲ ਕੇ ਵਿਛਦੀ ਹੈ,
ਤੇ ਸੋਨਾ ਬਣਦੀ ਜਾਂਦੀ ਹੈ। ਸ਼ਿਮਲਾ, ਡਲਹੌਜ਼ੀ, ਮੁਰੀ, ਕਸ਼ਮੀਰ,
ਗੁਲਮਰਗ ਤੇਰੇ ਹਨ।
ਦਿੱਲੀ ਤੇ ਲਾਹੌਰ ਤੇਰੇ,
ਅੰਮ੍ਰਿਤਸਰ ਸਵਰਗ ਵਰਗਾ ਹੈ। ਜੋ ਵੀ ਤੈਨੂੰ ਵੇਖਦਾ ਏ,
ਯੂਰਪ ਅਤੇ ਅਮਰੀਕਾ ਭੁੱਲ ਜਾਂਦਾ ਹੈ।
ਐ ਪੰਜਾਬ! ਤੇਰੀ ਸਿਫਤ ਕਰਾਂ ਕੀ,
ਤੂੰ ਭਾਰਤ ਦਾ ਤਾਜ ਹੈਂ।

ਇਹ ਲਾਈਨਾਂ ਸਾਨੂੰ ਯਾਦ ਕਰਾਉਂਦੀਆਂ ਹਨ ਕਿ ਪੰਜਾਬ ਕਿੰਨੀ ਸੁੰਦਰ ਅਤੇ ਸ਼ਕਤੀਸ਼ਾਲੀ ਧਰਤੀ ਹੈ। ਅੱਜ ਜਦੋਂ ਅਸੀਂ ਬੇਰੁਜ਼ਗਾਰੀ, ਨਸ਼ਿਆਂ, ਗੈਂਗਸਟਰੀ ਅਤੇ ਪਹਿਚਾਣ ਦੇ ਸੰਕਟ ਨਾਲ ਜੂਝ ਰਹੇ ਹਾਂ, ਤਾਂ ਚਾਤ੍ਰਿਕ ਜੀ ਦੀ ਇਹ ਵਾਣੀ ਸਾਨੂੰ ਪ੍ਰੇਰਿਤ ਕਰਦੀ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਭੁੱਲ ਨਾ ਜਾਈਏ। ਪੰਜਾਬੀਅਤ ਸਿਰਫ਼ ਭਾਸ਼ਾ ਨਹੀਂ, ਇੱਕ ਜੀਵਨ-ਸ਼ੈਲੀ ਹੈ—ਸੱਚਾਈ, ਮਿਹਨਤ, ਸੇਵਾ ਅਤੇ ਏਕਤਾ ਦੀ। ਪੰਜਾਬੀ ਵਿਰਸੇ ਦੀ ਧਨੀ ਰੂਹ ਨੂੰ ਜਗਾਉਣ ਲਈ ਪ੍ਰੇਰਨਾ ਗੁਰੂ ਸਾਹਿਬਾਨ ਦਾ ਸੰਦੇਸ਼ਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ—ਨਾਨਕ ਨਾਮੁ ਜਪੈ ਸੋ ਜੀਵੈ। ਅੱਜ ਨੌਜਵਾਨਾਂ ਨੂੰ ਨਸ਼ਿਆਂ ਦੀ ਅੱਗ ਵਿੱਚੋਂ ਬਚਾਉਣ ਲਈ ਸਿਮਰਨ ਅਤੇ ਨਾਮ ਜਪਣ ਦੀ ਲੋੜ ਹੈ। ਗੁਰੂ ਰਾਮਦਾਸ ਜੀ ਦੀ ਸ਼ਰਨ ਵਿੱਚ ਜਾ ਕੇ ਅਸੀਂ ਆਪਣੇ ਅੰਦਰ ਦੀ ਅੱਗ ਨੂੰ ਬੁਝਾ ਸਕਦੇ ਹਾਂ।

ਕਿਸਾਨੀ ਅਤੇ ਮਿਹਨਤ ਦੀ ਸ਼ਾਨ: ਵਿੱਚ ਚਾਤ੍ਰਿਕ ਜੀ ਨੇ ਖੇਤਾਂ ਦੀ ਹਰਿਆਲੀ ਨੂੰ ਅਮਰ ਕੀਤਾ। ਅੱਜ ਕਿਸਾਨਾਂ ਨੂੰ ਨਵੀਂ ਤਕਨੀਕ, ਜੈਵਿਕ ਖੇਤੀ ਅਤੇ ਸਹੀ ਮੁੱਲ ਮਿਲਣੇ ਚਾਹੀਦੇ ਹਨ। ਪਰ ਸਭ ਤੋਂ ਵੱਡੀ ਤਾਕਤ ਅੰਦਰੂਨੀ ਹੈ—ਜੇ ਅਸੀਂ ਮਿਹਨਤ ਨੂੰ ਸਨਮਾਨ ਦੇਈਏ, ਤਾਂ ਖੇਤ ਫਿਰ ਲਹਿੰਦੇ-ਫੁੱਲਦੇ ਹੋ ਜਾਣਗੇ।

ਅੱਜ ਨੌਜਵਾਨਾਂ ਲਈ ਪੁਕਾਰ ਵਾਂਗ ਅਸੀਂ ਵੀ ਪੰਜਾਬ ਨੂੰ 'ਭਾਰਤ ਦਾ ਤਾਜ' ਬਣਾਉਣਾ ਹੈ। ਨੌਜਵਾਨ ਸਟਾਰਟਅੱਪ, ਖੇਤੀ-ਉਦਯੋਗ, ਟੈਕਨਾਲੋਜੀ ਅਤੇ ਸਿੱਖਿਆ ਵਿੱਚ ਨਵੇਂ ਰਾਹ ਖੋਲ੍ਹ ਸਕਦੇ ਹਨ। ਵਿਦੇਸ਼ ਜਾਣ ਦੀ ਬਜਾਏ ਆਪਣੀ ਧਰਤੀ 'ਤੇ ਹੀ ਸੁਪਨੇ ਪੂਰੇ ਕਰੋ। ਸਮਾਜਿਕ ਇੱਕਤਾ ਅਤੇ ਸ਼ਾਂਤੀ: ਗੈਂਗਸਟਰੀ ਅਤੇ ਹਥਿਆਰਾਂ ਦੀ ਸੱਭਿਆਚਾਰ ਨੂੰ ਖਤਮ ਕਰਨ ਲਈ ਸਾਨੂੰ ਗੁਰੂ ਹਰਗੋਬਿੰਦ ਸਾਹਿਬ ਦੀ ਮੀਰੀ-ਪੀਰੀ ਵਾਲੀ ਸੋਚ ਅਪਣਾਉਣੀ ਪਵੇਗੀ। ਸੱਚ ਅਤੇ ਨਿਆਂ ਨਾਲ ਖੜੇ ਹੋਣਾ ਸਾਡਾ ਵਿਰਸਾ ਹੈ।

ਅੱਜ ਸੱਭਿਆਚਾਰਕ ਜਾਗਰੂਕਤਾ ਫੈਲਾਉਣ ਲਈ ਅਸੀਂ ਵੀ ਪੰਜਾਬੀ ਗੀਤ, ਨਾਚ, ਲੋਕ ਕਥਾਵਾਂ ਅਤੇ ਸਾਹਿਤ ਨੂੰ ਜਿਉਂਦਾ ਰੱਖੀਏ। ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਨੂੰ ਮਜ਼ਬੂਤ ਕਰੀਏ ਤਾਂ ਜੋ ਨਵੀਂ ਪੀੜ੍ਹੀ ਆਪਣੀ ਪਹਿਚਾਣ ਨਾਲ ਜੁੜੀ ਰਹੇ। ਆਓ, ਅੱਜ ਫਿਰ ਤੋਂ ਚਾਤ੍ਰਿਕ ਜੀ ਦੀ ਬਾਣੀ ਨੂੰ ਸੁਣੀਏ ਅਤੇ ਗੁਰੂ ਰਾਮਦਾਸ ਜੀ ਅੱਗੇ ਅਰਦਾਸ ਕਰੀਏ:

ਗੁਰੂ ਰਾਮਦਾਸ ਰਾਖਹੁ ਸਰਣਾਈ ॥

ਇਸ ਧਰਤੀ ਨੂੰ ਫਿਰ ਤੋਂ ਉਸੇ ਰੌਸ਼ਨੀ ਨਾਲ ਭਰ ਦਿਓ, ਜਿਸ ਨਾਲ ਚਾਤ੍ਰਿਕ ਜੀ ਨੇ ਇਸ ਨੂੰ ਵਰਣਨ ਕੀਤਾ ਸੀ। ਅਸੀਂ ਸਾਰੇ ਮਿਲ ਕੇ ਪੰਜਾਬ ਨੂੰ ਫਿਰ ਤੋਂ ਰੰਗਲਾ ਬਣਾਈਏ—ਜਿੱਥੇ ਨੌਜਵਾਨ ਹੱਸਦੇ ਹੋਣ, ਖੇਤ ਲਹਿਰਾਉਂਦੇ ਹੋਣ, ਨਦੀਆਂ ਗਾਉਂਦੀਆਂ ਹੋਣ ਅਤੇ ਹਰ ਘਰ ਵਿੱਚ ਸ਼ਾਂਤੀ ਵੱਸੇ। ਇਹ ਸੰਕਟ ਸਥਾਈ ਨਹੀਂ। ਇਹ ਸਾਡੇ ਵਿਰਸੇ ਦੀ ਪ੍ਰੀਖਿਆ ਹੈ। ਅਸੀਂ ਚਾਤ੍ਰਿਕ ਜੀ ਵਾਂਗ ਪੰਜਾਬ ਨੂੰ ਪਿਆਰ ਨਾਲ ਯਾਦ ਕਰੀਏ ਅਤੇ ਉਸ ਨੂੰ ਬਚਾਉਣ ਲਈ ਪਹਿਚਾਣ ਦਾ ਸੰਕਟ ਹੈ।

ਅਸੀਂ ਕੌਣ ਹਾਂ?

ਪੰਜਾਬੀ ਪਹਿਚਾਣ ਹਮੇਸ਼ਾ ਸਿੱਖੀ ਦੇ ਆਦਰਸ਼ਾਂ ਨਾਲ ਜੁੜੀ ਰਹੀ ਹੈ—ਸੱਚ, ਸੇਵਾ, ਸਿਮਰਨ, ਸਮਾਨਤਾ ਅਤੇ ਨਿਆਂ। ਪਰ ਅੱਜ ਇਹ ਪਹਿਚਾਣ ਖਤਰੇ ਵਿੱਚ ਹੈ। ਨੌਜਵਾਨ ਨਸ਼ਿਆਂ ਵਿੱਚ ਡੁੱਬ ਰਹੇ ਹਨ, ਕਿਸਾਨ ਆਪਣੀ ਜ਼ਮੀਨ ਤੋਂ ਮੋਹ ਮੋੜ ਰਹੇ ਹਨ ਜਾਂ ਆਤਮ-ਹੱਤਿਆ ਵੱਲ ਵਧ ਰਹੇ ਹਨ, ਪਰਿਵਾਰ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ ਅਤੇ ਸਮਾਜ ਵਿੱਚ ਗੈਂਗਸਟਰੀ ਅਤੇ ਹਥਿਆਰਬੰਦੀ ਵਧ ਰਹੀ ਹੈ। ਇਹ ਸਭ ਸਾਡੀ ਪਹਿਚਾਣ ਨੂੰ ਖੋਖਲਾ ਕਰ ਰਿਹਾ ਹੈ।

ਅੱਜ ਅਸੀਂ ਉਹ ਪੰਜਾਬੀ ਨਹੀਂ ਰਹੇ ਜੋ ਖੇਤਾਂ ਵਿੱਚ ਮਿਹਨਤ ਨਾਲ ਫਸਲ ਉਗਾਉਂਦੇ ਸਨ, ਗੁਰੂ ਦੇ ਲੰਗਰ ਵਿੱਚ ਸੇਵਾ ਕਰਦੇ ਸਨ ਅਤੇ ਜ਼ੁਲਮ ਅੱਗੇ ਖੜ੍ਹੇ ਹੋ ਜਾਂਦੇ ਸਨ ਪਰ ਯਾਦ ਰੱਖੋ, ਗੁਰੂ ਰਾਮਦਾਸ ਜੀ ਨੇ ਸਾਨੂੰ ਸਿਖਾਇਆ ਹੈ ਕਿ ਸੱਚੀ ਪਹਿਚਾਣ ਅੰਦਰੂਨੀ ਹੈ। ਉਹ ਅੰਮ੍ਰਿਤਸਰ ਸਾਹਿਬ ਦੇ ਸਰੋਵਰ ਵਾਂਗ ਹਨ ਜੋ ਸਾਰਿਆਂ ਨੂੰ ਸ਼ਾਂਤੀ ਅਤੇ ਸ਼ੁੱਧਤਾ ਦਿੰਦਾ ਹੈ। ਜੇ ਅਸੀਂ ਉਨ੍ਹਾਂ ਦੀ ਸ਼ਰਨ ਵਿੱਚ ਜਾਈਏ, ਤਾਂ ਇਹ ਪਹਿਚਾਣ ਮੁੜ ਸਾਫ਼ ਅਤੇ ਮਜ਼ਬੂਤ ਹੋ ਸਕਦੀ ਹੈ।ਬੇਰੁਜ਼ਗਾਰੀ ਅਤੇ ਨੌਜਵਾਨਾਂ ਦਾ ਭਟਕਾਅ ਪੰਜਾਬ ਵਿੱਚ ਬੇਰੁਜ਼ਗਾਰੀ ਅੱਜ ਸਭ ਤੋਂ ਵੱਡੀ ਤ੍ਰਾਸਦੀ ਹੈ। ਲੱਖਾਂ ਨੌਜਵਾਨ ਡਿਗਰੀਆਂ ਲੈ ਕੇ ਵੀ ਰੁਜ਼ਗਾਰ ਦੀ ਭਾਲ ਵਿੱਚ ਭਟਕ ਰਹੇ ਹਨ। ਇਸ ਨਿਰਾਸ਼ਾ ਨੇ ਉਨ੍ਹਾਂ ਨੂੰ ਨਸ਼ਿਆਂ, ਅਪਰਾਧ ਅਤੇ ਵਿਦੇਸ਼ਾਂ ਵੱਲ ਧੱਕ ਦਿੱਤਾ ਹੈ।

ਅੱਜ ਨਸ਼ਿਆਂ ਦਾ ਇਹ ਜਾਲ ਇੰਨਾ ਡੂੰਘਾ ਹੈ ਕਿ ਪਿੰਡਾਂ-ਸ਼ਹਿਰਾਂ ਵਿੱਚ ਹਰ ਘਰ ਵਿੱਚ ਕੋਈ ਨਾ ਕੋਈ ਪੀੜਤ ਹੈ। ਇਹ ਸਿਰਫ਼ ਵਿਅਕਤੀਗਤ ਨਹੀਂ, ਸਮਾਜਿਕ ਤਬਾਹੀ ਹੈ।ਗੁਰਬਾਣੀ ਸਾਨੂੰ ਕਹਿੰਦੀ ਹੈ—'ਮਨ ਕਾ ਮਨਕਾ ਫਿਰੈ ਨਾਨਕ ਨਾਮੁ ਨ ਵੀਸਰੈ'। ਜੇ ਨੌਜਵਾਨ ਸਿਮਰਨ ਅਤੇ ਮਿਹਨਤ ਵੱਲ ਮੁੜਨ, ਤਾਂ ਇਹ ਭਟਕਾਅ ਖਤਮ ਹੋ ਸਕਦਾ ਹੈ। ਸਰਕਾਰਾਂ ਨੂੰ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ, ਪਰ ਅਸਲ ਬਦਲਾਅ ਅੰਦਰੂਨੀ ਹੈ। ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਹੀ ਅਸੀਂ ਇਸ ਅੱਗ ਨੂੰ ਬੁਝਾ ਸਕਦੇ ਹਾਂ।ਕਿਸਾਨਾਂ ਦੀ ਬੇਬੱਸੀ ਅਤੇ ਖੇਤੀ ਦਾ ਸੰਕਟ ਪੰਜਾਬ ਦੀ ਰੀੜ੍ਹ ਦੀ ਹੱਡੀ ਖੇਤੀ ਹੈ, ਪਰ ਅੱਜ ਕਿਸਾਨ ਆਪਣੀ ਹੀ ਧਰਤੀ 'ਤੇ ਅਜਨਬੀ ਵਾਂਗ ਮਹਿਸੂਸ ਕਰ ਰਿਹਾ ਹੈ। ਫਸਲਾਂ ਦੀ ਕੀਮਤ ਨਹੀਂ ਮਿਲਦੀ, ਕਰਜ਼ੇ ਵਧ ਰਹੇ ਹਨ, ਖੇਤਾਂ ਵਿੱਚ ਖਾਦ-ਪਾਣੀ ਦੀ ਕਮੀ ਹੈ ਅਤੇ ਮੌਸਮ ਵੀ ਵਿਗੜ ਰਿਹਾ ਹੈ। ਇਸ ਨਾਲ ਆਤਮ-ਹੱਤਿਆਵਾਂ ਵਧੀਆਂ ਹਨ।

ਸਾਡੇ ਗੁਰੂ ਸਾਹਿਬਾਨ ਨੇ ਖੇਤੀ ਨੂੰ ਸਨਮਾਨ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਖੁਦ ਖੇਤੀ ਕੀਤੀ ਸੀ। ਅਸੀਂ ਉਸੇ ਰਾਹ ਤੇ ਚੱਲ ਕੇ ਖੇਤੀ ਨੂੰ ਮੁੜ ਸੁਰੱਖਿਅਤ ਕਰ ਸਕਦੇ ਹਾਂ। ਗੁਰੂ ਰਾਮਦਾਸ ਜੀ ਦੀ ਸ਼ਰਨ ਵਿੱਚ ਅਰਦਾਸ ਕਰੀਏ ਕਿ ਧਰਤੀ ਮਾਤਾ ਨੂੰ ਫਿਰ ਤੋਂ ਫਲਦਾ-ਫੁਲਦਾ ਬਣਾਇਆ ਜਾਵੇ।ਸੜਕਾਂ 'ਤੇ ਮੌਤਾਂ ਅਤੇ ਗੈਂਗਸਟਰੀ ਦਾ ਡਰ ਸੜਕ ਹਾਦਸੇ ਅਤੇ ਗੋਲੀਆਂ ਦੀਆਂ ਆਵਾਜ਼ਾਂ ਅੱਜ ਪੰਜਾਬ ਦੀ ਰੋਜ਼ਾਨਾ ਖ਼ਬਰ ਬਣ ਗਈਆਂ ਹਨ। ਤੇਜ਼ ਰਫ਼ਤਾਰ, ਨਸ਼ੇ ਅਤੇ ਬੇਲੋੜੀ ਹਥਿਆਰਬੰਦੀ ਨੇ ਜਾਨਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਗੈਂਗਸਟਰ ਰਾਜਨੀਤੀ ਅਤੇ ਅਪਰਾਧ ਨੂੰ ਮਿਲਾ ਰਹੇ ਹਨ।

ਵਰਤਮਾਨ ਵਿੱਚ ਇਸ ਅੰਧਕਾਰ ਵਿੱਚ ਗੁਰੂ ਰਾਮਦਾਸ ਜੀ ਦਾ ਸੰਦੇਸ਼ ਰੌਸ਼ਨੀ ਹੈ—ਰਾਖਹੁ ਸਰਣਾਈ। ਜੇ ਅਸੀਂ ਉਨ੍ਹਾਂ ਦੀ ਸ਼ਰਨ ਲਈਏ, ਤਾਂ ਡਰ ਤੋਂ ਮੁਕਤ ਹੋ ਸਕਦੇ ਹਾਂ ਅਤੇ ਸਮਾਜ ਵਿੱਚ ਸ਼ਾਂਤੀ ਲਿਆ ਸਕਦੇ ਹਾਂ।ਰਾਜਨੀਤੀ ਅਤੇ ਭ੍ਰਿਸ਼ਟਾਚਾਰ ਰਾਜਨੀਤਿਕ ਪਾਰਟੀਆਂ ਅੱਜ ਏਜੰਡੇ ਤੋਂ ਖਾਲੀ ਹਨ। ਟੂਣੇ-ਡੇਰੇ ਅਤੇ ਵਿਅਕਤੀਗਤ ਲਾਭ ਹੀ ਮੁੱਖ ਹਨ। ਭ੍ਰਿਸ਼ਟਾਚਾਰ ਹਰ ਵਿਭਾਗ ਵਿੱਚ ਫੈਲਿਆ ਹੈ। ਪਰ ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਹੈ—ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ। ਸੱਚ ਅਤੇ ਨੇਕੀ ਨਾਲ ਹੀ ਅਸੀਂ ਇਸ ਨੂੰ ਬਦਲ ਸਕਦੇ ਹਾਂ।

ਅੱਜ ਅਰਦਾਸ ਅਤੇ ਉਪਦੇਸ਼ ਨਾਲ ਆਓ, ਅੱਜ ਸਾਰੇ ਮਿਲ ਕੇ ਅਰਦਾਸ ਕਰੀਏ—ਹੇ ਗੁਰੂ ਰਾਮਦਾਸ ਜੀ! ਇਸ ਬਲਦੇ ਪੰਜਾਬ ਨੂੰ ਆਪਣੀ ਸ਼ਰਨੰਗਾ। ਸੇਵਾ ਕਰੀਏ, ਸਿਮਰਨ ਕਰੀਏ, ਸੱਚ ਬੋਲੀਏ ਅਤੇ ਇੱਕ ਦੂਜੇ ਦੀ ਮਦਦ ਕਰੀਏ। ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਇਹ ਬਲਦਾ ਪੰਜਾਬ ਫਿਰ ਤੋਂ ਖਿੜ ਸਕਦਾ ਹੈ, ਫਿਰ ਤੋਂ ਸੁਰੱਖਿਅਤ ਅਤੇ ਸ਼ਾਂਤ ਹੋ ਸਕਦਾ ਹੈ।ਗੁਰੂ ਰਾਮਦਾਸ ਰਾਖਹੁ ਸਰਣਾਈ ॥ ਜੀਵੇ ਪੰਜਾਬ।

# ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ



ਕਮਲਜੀਤ ਸਿੰਘ ਬਨਵੈਤ
98147 34035

- ☛ ਜਲੰਧਰ ਦੇ ਮਾਡਲ ਟਾਊਨ ਵਿੱਚ ਬੀਤੇ ਕੱਲ੍ਹ ਆਪ ਦੇ ਨੇਤਾ ਦੇ ਡੁੱਲੇ ਖ਼ੂਨ ਦੇ ਛਿੱਟੇ ਹਾਲੇ ਫਿੱਕੇ ਨਹੀਂ ਪਏ ਕਿ ਅੱਜ ਗੜ੍ਹਸ਼ੰਕਰ ਵਿੱਚ ਇੱਕ ਮਹਿਲਾ ਦਾ ਕਤਲ ਕਰ ਦਿੱਤਾ ਗਿਆ
- ☛ ਚਾਲੂ ਸਾਲ ਦੇ ਪਹਿਲੇ ਮਹੀਨੇ ਦੌਰਾਨ ਪੰਜਾਬ ਵਿੱਚ 25 ਕਤਲ ਹੋਏ, ਮੌਜੂਦਾ ਸਰਕਾਰ ਦੇ ਰਾਜ ਵਿੱਚ ਪੁਲਿਸ ਮੁਕਾਬਲਿਆਂ ਦੀ ਗਿਣਤੀ ਉੱਪਰ ਗਈ
- ☛ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਡੀਜੀਪੀ ਪੰਜਾਬ ਦੀ ਚੰਗੀ ਝਾੜ ਝੰਬ ਕੀਤੀ, ਪੁਲਿਸ ਦੇ ਹੱਥ ਖੜ੍ਹੇ ਹੋਣ ਦੀ ਸੂਰਤ ਵਿੱਚ ਉੱਚ ਅਦਾਲਤ ਕਰੇਗੀ ਕਾਰਵਾਈ

ਪੰਜਾਬ ਦੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੇ 'ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ' ਦਾ ਹਉਕਾ ਕਿਸੇ ਹੋਰ ਸਮੇਂ ਨੂੰ ਤੱਕ ਕੇ ਭਰਿਆ ਹੋਣੈ ਪਰ ਅੱਜ ਹਉਕਾ ਇਹੋ ਮਾਸੂਮਾਂ ਦੀ ਚੀਸ ਬਣ ਗਿਆ ਹੈ। ਪੰਜਾਬ ਦੀ ਧਰਤੀ ਖ਼ੂਨ ਨਾਲ ਰੰਗੀ ਗਈ ਸੀ। ਪੰਜਾਬ ਦੀ ਧਰਤੀ ਨੂੰ ਰੰਗ ਅੱਜ ਵੀ ਖ਼ੂਨ ਦਾ ਹੀ ਚੜ੍ਹਿਆ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਉਦੋਂ ਖ਼ੂਨ ਕਿਸੇ ਵਜ੍ਹਾ ਪਿੱਛੇ ਡੁਲਿਆ ਸੀ। ਅੱਜ ਮਨੁੱਖ, ਮਨੁੱਖ ਦੇ ਖ਼ੂਨ ਦਾ ਪਿਆਸਾ ਬਣਿਆ ਹੋਇਆ ਹੈ। ਸਿਆਸੀ ਪਾਰਟੀਆਂ ਤੇ ਰਾਜਨੀਤਿਕ ਨੇਤਾਵਾਂ ਨੂੰ ਮਨੁੱਖ ਵਿੱਚੋਂ ਸਿਰਫ਼ ਵੋਟਰ ਦਿਸਦਾ ਹੈ। ਮਨੁੱਖਤਾ ਖੰਭ ਲਾ ਕੇ ਉੱਡ ਗਈ ਲੱਗਦੀ ਹੈ। ਇੰਝ ਲੱਗਦਾ ਜਿਵੇਂ ਧਰਤੀ 'ਤੇ ਕਿਸੇ ਵੇਲੇ ਇੱਕ ਬੰਦਾ ਹੁੰਦਾ ਸੀ। ਅੱਜ ਤਾਂ ਬਸ ਚਾਰੇ ਪਾਸੇ ਨਿਰਦਈ ਹੀ ਦਗੜ-ਦਗੜ ਕਰਦੇ ਫਿਰਦੇ ਹੋਣ।

ਪੰਜਾਬ ਦੇ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਹੈ ਜਦੋਂ ਇੱਕ ਮਹੀਨੇ ਦੌਰਾਨ 25 ਕਤਲ ਹੋਏ। ਇਹ ਵੀ ਸ਼ਾਇਦ ਪਹਿਲੀ ਵਾਰ ਨਹੀਂ ਤਾਂ ਦਹਾਕਿਆਂ ਬਾਅਦ ਪੰਜਾਬ ਨੇ ਇਹੋ ਜਿਹੇ ਦਿਨ ਦੇਖੇ ਹੋਣਗੇ ਜਦੋਂ ਆਏ ਦਿਨ ਪੁਲਿਸ ਮੁਕਾਬਲੇ ਬਣਨ ਲੱਗੇ ਹਨ। ਪੰਜਾਬ ਨੇ ਇੱਕ ਖ਼ਾਸ ਸਮੇਂ ਨੂੰ ਛੱਡ ਕੇ ਅਜੇਹਾ ਦੌਰ ਨਹੀਂ ਸੀ ਦੇਖਿਆ ਜਦੋਂ ਰਾਤ ਨੂੰ ਸੁੱਤੇ ਪਿਆਂ ਦੇ ਕੰਨਾਂ ਵਿੱਚ ਵੀ ਗੋਲੀਆਂ ਦੀ ਆਵਾਜ਼ ਗੂੰਜਦੀ ਹੋਵੇ। ਲੋਕ ਦਿਨ ਦਿਹਾੜੇ ਘਰੋਂ ਨਿਕਲਣ ਤੋਂ ਡਰਨ ਲੱਗੇ ਹੋਣ। ਕਿਸੇ ਨੂੰ ਕੋਈ ਇਲਮ ਨਹੀਂ ਕਦੋਂ ਕਿਹਦੀ ਛਾਤੀ ਵਿੱਚ ਜਾਂ ਕਿਹੜੇ ਵੇਲੇ ਸਿਰ ਵਿੱਚ ਗੋਲੀ ਆ ਵੱਜਣੀ ਹੈ। ਅੱਜ ਨਾ ਭਰਾ ਨੂੰ ਭਰਾ 'ਤੇ ਭਰੋਸਾ ਰਿਹਾ ਹੈ ਅਤੇ ਨਾ ਹੀ ਦੋਸਤ ਨੂੰ ਦੋਸਤ ਉਤੇ ਵਿਸ਼ਵਾਸ ਕਰਨ ਦਾ ਵੇਲਾ ਰਿਹਾ ਹੈ।

ਘੱਟੋ ਘੱਟ ਅਸੀਂ ਆਪਣੇ ਸਮਿਆਂ ਵਿੱਚ ਤਾਂ ਨਹੀਂ ਸੀ ਸੁਣਿਆ ਕਿ ਪੁਲਿਸ ਦੀ ਛੱਤਰੀ ਹੇਠ ਐਸਐਸਪੀ ਦੇ ਦਫਤਰ ਜਾਂ ਡੀਸੀ ਕੰਪਲੈਕਸ ਵਿੱਚ ਕਿਸੇ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਤੁਹਾਨੂੰ ਦਿੱਤਾ ਗਿਆ ਹੋਵੇ। ਇਹ ਵੀ ਕਦੇ ਆਪਣੀ ਅੱਖੀਂ ਨਹੀਂ ਸੀ ਦੇਖਿਆ ਕਿ ਵਿਆਹ ਦੀ ਰਿਸੈਪਸ਼ਨ ਵੇਲੇ ਐਮਐਲਏ ਦੀ ਖੱਬੇ ਪੱਖੀ ਨਾਲ ਬੈਠੇ ਸਰਪੰਚ ਦੇ ਸਿਰ ਵਿੱਚ ਗੋਲੀਆਂ ਮਾਰ ਕੋਈ ਲਲਕਾਰੇ ਮਾਰਦਾ ਨਿਕਲ ਜਾਵੇ। ਮੋਹਾਲੀ ਵਿੱਚ ਚਲਦੇ ਕਬੱਡੀ ਮੈਚ ਦੌਰਾਨ ਰਾਣਾ ਬਲਾਚੌਰੀਆ ਦੇ ਕਤਲ ਨੇ ਪੰਜਾਬ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਸੀ। ਉਸ ਤੋਂ ਪਹਿਲਾਂ ਸੀਆਈਏ ਖਰੜ ਵਿੱਚੋਂ ਲਾਰੈਂਸ ਬਿਸ਼ਨੋਈ ਦੀ ਹੋਈ ਮੀਡੀਆ ਇੰਟਰਵਿਊ ਨੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਸਨ।

ਬੀਤੇ ਕੱਲ ਜਲੰਧਰ ਦੇ ਮਾਡਲ ਟਾਊਨ ਵਿੱਚ ਆਮ ਆਦਮੀ ਪਾਰਟੀ ਦੇ ਨੇਤਾ ਲੱਕੀ ਨੂੰ ਸਵੇਰ ਵੇਲੇ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਹਮਲਾਵਰ ਨੇੜੇ ਦਾ ਦੋਸਤ ਨਿਕਲਿਆ। ਪੰਜਾਬ ਨੂੰ ਦਹਿਲਾ ਕੇ ਰੱਖ ਦੇਣ ਵਾਲੀ ਇਸ ਵੱਡੀ ਘਟਨਾ ਵਿੱਚੋਂ ਪੰਜਾਬੀ ਹਾਲੇ ਬਾਹਰ ਨਹੀਂ ਸੀ ਨਿਕਲੇ ਕਿ ਅੱਜ ਹੁਸ਼ਿਆਰਪੁਰ ਦੇ ਪਿੰਡ ਗੜ੍ਹਸ਼ੰਕਰ ਵਿੱਚ ਇੱਕ 62 ਸਾਲਾ ਮਹਿਲਾ ਦਾ ਕਤਲ ਕਰ ਦਿੱਤਾ ਗਿਆ ਹੈ। ਫਰਵਰੀ ਦਾ ਅੱਜ ਸੱਤਵਾਂ ਦਿਨ ਹੈ। 2 ਫਰਵਰੀ ਨੂੰ ਜ਼ੀਰਕਪੁਰ ਵਿੱਚ ਤੇਜ਼ ਸਪੀਕਰ ਵਜਾਉਣ ਨੂੰ ਲੈ ਕੇ ਦੋ ਧੜਿਆਂ ਵਿੱਚ ਝਗੜਾ ਹੋਇਆ। ਗੱਲ ਗੋਲੀਆਂ 'ਚੋਂ ਫਾਇਰ ਕਰਨ ਤੱਕ ਵੀ ਪਹੁੰਚ ਗਈ ਅਤੇ ਇੱਕ ਨੌਜਵਾਨ ਮਾਰਿਆ ਗਿਆ। ਹਾਲੇ ਪੰਜ ਫਰਵਰੀ ਨੂੰ ਤਰਨ ਤਾਰਨ ਦੇ ਖੇਮਕਰਨ ਦੇ ਇੱਕ ਪਿੰਡ ਚੀਮਾ ਖੁਰਦ ਵਿੱਚ ਪੁਰਾਣੀ ਲਾਗ ਡਾਟ ਨੂੰ ਲੈ ਕੇ ਤੇਜ਼ਧਾਰ ਹਥਿਆਰਾਂ ਨਾਲ ਸਾਬਕਾ ਸੈਨਿਕ ਦੀ ਹੱਤਿਆ ਕਰ ਦਿੱਤੀ ਗਈ ਸੀ। ਮੋਹਾਲੀ ਕੰਪਲੈਕਸ ਵਿੱਚ ਗੈਂਗਸਟਰ ਗੋਲਡੀ ਬਰਾੜ ਵੱਲੋਂ ਹਮਲਾ ਕਰਨ ਦੀ ਵਾਰਦਾਤ ਹਾਲੇ 28 ਫਰਵਰੀ ਦੀ ਗੱਲ ਹੈ।

ਦੂਜੇ ਬੰਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸੂਬੇ ਦੇ ਨਾਜ਼ੁਕ ਹਾਲਾਤਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਲਗਾਤਾਰ ਖਿਚਾਈ ਹੀ ਨਹੀਂ ਝਾੜਝੰਬ ਕਰ ਰਿਹਾ ਹੈ ਪਰ ਇੰਜ ਲੱਗਦਾ ਜਿਵੇਂ ਦੋਹਾਂ ਨੂੰ ਝਾੜਾਂ ਖਾਣ ਦੀ ਆਦਤ ਪੈ ਗਈ ਹੋਵੇ। ਪੰਜਾਬ ਸਰਕਾਰਾਂ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਹੈ ਕਿ ਜਦੋਂ ਸਰਕਾਰ ਦੇ ਚੀਫ਼ ਸੈਕਟਰੀ ਅਤੇ ਪੁਲਿਸ ਮੁਖੀ ਨੂੰ ਵਾਰ-ਵਾਰ ਤਲਬ ਕਰਕੇ ਝਾੜ ਪਾਈ ਜਾ ਰਹੀ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਤਾਂ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੇ ਤੁਹਾਨੂੰ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਵੀ ਜਾਣਕਾਰੀ ਨਹੀਂ ਤਾਂ ਤੁਸੀਂ ਡੀਜੀਪੀ ਕਾਹਦੇ ਹੋਏ ? ਅਸਲ ਵਿੱਚ ਮੋਹਾਲੀ ਦੀਆਂ ਅਦਾਲਤਾਂ ਵਿੱਚ ਇੱਕ ਸਿਆਸੀ ਲੀਡਰ ਦੀ ਪੇਸ਼ੀ ਦੌਰਾਨ ਪੰਜਾਬ ਪੁਲਿਸ ਵੱਲੋਂ ਅਦਾਲਤ ਦੇ ਚੌਕੀਦਾਰ ਦੀ ਕੁੱਟਮਾਰ ਕਰ ਦਿੱਤੀ ਗਈ ਸੀ। ਮੋਹਾਲੀ ਅਦਾਲਤ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਨੇ ਪੁਲਿਸ ਖ਼ਿਲਾਫ਼ ਸਖਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਸਨ। ਪੰਜਾਬ ਪੁਲਿਸ ਢਿੱਲੀ ਮੱਠੀ ਰਹੀ ਜਦੋਂ ਡੀਜੀਪੀ ਤੋਂ ਹਾਈ ਕੋਰਟ ਨੇ ਕੀਤੀ ਕਾਰਵਾਈ ਲਈ ਪੁੱਛਿਆ ਤਾਂ ਉਹਨਾਂ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਉਹਨਾਂ ਦੇ ਧਿਆਨ ਵਿੱਚ ਹੀ ਨਹੀਂ, ਇਸ ਤੋਂ ਬਾਅਦ ਹਾਈਕੋਰਟ ਨੇ ਜੋ ਕੁਝ ਕਿਹਾ ਉਸ ਨਾਲ ਡੀਜੀਪੀ ਦੀਆਂ ਖਾਖਾਂ ਲਾਲ ਹੋ ਗਈਆਂ। ਅਦਾਲਤ ਨੇ ਇਸ ਤੋਂ ਪਹਿਲਾਂ ਡੀਜੀਪੀ ਨੂੰ ਇੱਕ ਹਲਫ਼ੀਆ ਬਿਆਨ ਦੇਣ ਲਈ ਕਿਹਾ ਸੀ। ਪਰ ਉਹ ਆਪਣਾ ਲੂੰਗ ਲਾਣਾ ਲੈ ਕੇ ਖ਼ਾਲੀ ਹੱਥੀ ਪਹੁੰਚ ਗਏ, ਜਿਸ ਕਰਕੇ ਅਦਾਲਤ ਤੋਂ ਹੋਰ ਵੀ ਖਿਚਾਈ ਕਰਾਉਣੀ ਪਈ। ਅਦਾਲਤ ਨੇ ਤਾਂ ਡੀਜੀਪੀ ਤੋਂ ਇਹ ਵੀ ਪੁੱਛ ਲਿਆ ਕਿ ਕਿੰਨੇ ਪੁਲਿਸ ਮੁਕਾਬਲੇ ਬਣਾਏ ਗਏ ਹਨ। ਅਦਾਲਤ ਜਿਹੜੀ ਕਿ ਮੋਹਾਲੀ ਦੇ ਮੌਜੂਦਾ ਐਸਐਸਪੀ ਤੋਂ ਖ਼ਫ਼ਾ ਦਿਸ ਰਹੀ ਹੈ ਨੇ ਡੀਜੀਪੀ ਨੂੰ ਕਿਹਾ ਕਿ ਜਿਹੜਾ ਅਫਸਰ ਮੁਲਕ ਦੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਵੇਲੇ ਹਿਫਾਜ਼ਤ ਨਹੀਂ ਕਰ ਸਕਿਆ, ਉਸ ਨੂੰ ਮੋਹਾਲੀ ਜਿਹੇ ਨਾਜ਼ੁਕ ਜ਼ਿਲ੍ਹੇ ਵਿੱਚ ਤਾਇਨਾਤ ਕਰਨ ਦੀ ਕੀ ਤੁੱਕ ਬਣਦੀ ਹੈ। ਅਦਾਲਤ ਨੇ ਮੋਹਾਲੀ ਵਿੱਚ ਹੋਈ ਰਾਣਾ ਬਲਾਚੌਰੀਆ ਅਤੇ ਐਸਐਸਪੀ ਕੰਪਲੈਕਸ ਵਿੱਚ ਚੱਲੀ ਗੋਲੀ ਨੂੰ ਲੈ ਕੇ ਪੰਜਾਬ ਪੁਲਿਸ ਦੇ ਬਖੀਏ ਉਧੇੜੇ। ਹਾਈਕੋਰਟ ਨੇ ਪੰਜਾਬ ਪੁਲਿਸ ਦੇ ਮੁਖੀ ਨੂੰ ਦੋ ਟੂਕ ਸੁਣਾਉਂਦਿਆਂ ਕਿਹਾ ਕਿ ਜੇ ਕੋਈ ਆਪਣੀ ਕਾਰਵਾਈ ਕਰਨ ਲਈ ਉਸ ਦੀ ਰੀੜ ਦੀ ਹੱਡੀ ਵਿੱਚ ਦਮ ਨਹੀਂ ਹੈ ਤਾਂ ਅਗਲੀ ਪੇਸ਼ੀ ਵੇਲੇ ਅਦਾਲਤ ਕੋਈ ਕਦਮ ਚੁੱਕਣ ਲਈ ਮਜਬੂਰ ਹੋਵੇਗੀ। ਅਦਾਲਤ ਨੇ ਤਾਂ ਮਾਮਲੇ ਸੀਬੀਆਈ ਦੇ ਹਵਾਲੇ ਕਰਨ ਦੀ ਚੇਤਾਵਨੀ ਵੀ ਦਿੱਤੀ ਹੈ।

ਸਿਆਸੀ ਗਲਿਆਰਿਆਂ ਵਿੱਚ ਚਰਚਾ ਹੈ ਕਿ ਜਾਂ ਤਾਂ ਸਾਰਾ ਕੁਝ ਸਟੇਟ ਦੀ ਸਹਿਮਤੀ ਨਾਲ ਹੋ ਰਿਹਾ ਹੈ ਜਾਂ ਫਿਰ ਪੰਜਾਬ ਪੁਲਿਸ ਦੇ ਕੰਟਰੋਲ ਵਿੱਚ ਕੁਝ ਨਹੀਂ ਰਿਹਾ ਹੈ। ਗੱਲਾਂ ਤਾਂ ਇਹ ਵੀ ਹੋਣ ਲੱਗੀਆਂ ਹਨ ਕਿ ਸਿਆਸੀ ਲੀਡਰਾਂ ਵੱਲੋਂ ਪਾਲੇ ਗੈਂਗਸਟਰ ਹੁਣ ਹੱਥੋਂ ਨਿਕਲ ਗਏ ਹਨ। ਪੰਜਾਬ ਵਿੱਚ ਗਵਰਨੈਂਸ ਨਾਂ ਦੀ ਕੋਈ ਸ਼ੈਅ ਨਹੀਂ ਰਹੀ ਹੈ। ਲੋਕ ਬੰਦੂਕਾਂ ਦੇ ਸਾਏ ਹੇਠ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਹਾਂ ਇੱਕ ਗੱਲ ਹੈ ਕਿ ਪੰਜਾਬ ਦੇ ਲੋਕ ਜੋਸ਼ੀਲੇ ਹਨ। ਉਹ ਜੇ ਕਿਸੇ ਨੂੰ ਜਿਤਾਉਣਾ ਜਾਣਦੇ ਹਨ ਤਾਂ ਕਿਸੇ ਨੂੰ ਹਰਾਉਣਾ ਉਹਨਾਂ ਦੇ ਖੱਬੇ ਹੱਥ ਦੀ ਖੇਡ ਹੈ। ਸੁਪਰੀਮ ਕੋਰਟ ਨੇ ਤਾਂ ਪੰਜਾਬ ਪੁਲਿਸ ਦੀ ਕੌਂਸਲਿੰਗ ਕਰਨ ਦੀ ਮੱਤ ਦਿੱਤੀ ਹੈ ਪਰ ਆਮ ਲੋਕ ਇਹ ਮਹਿਸੂਸ ਕਰਨ ਲੱਗੇ ਹਨ ਕਿ ਸਿਆਸੀ ਨੇਤਾਵਾਂ ਨੂੰ ਵੀ ਕੌਂਸਲਿੰਗ ਦੀ ਲੋੜ ਹੈ ਤਾਂ ਕਿ ਉਹਨਾਂ ਨੂੰ ਬੰਦੇ ਨੂੰ ਬੰਦਾ ਸਮਝਣ ਦੀ ਅਕਲ ਆ ਜਾਵੇ।



ਡਾ. ਦੀਪਕ ਜੈਸਵਾਲ

# ਵਿਕਸਿਤ ਭਾਰਤ 2047 ਵੱਲ ਸਮਾਰਟ ਰਸਤਾ- ਹੜਤਾਲ ਨਹੀਂ, ਸਗੋਂ ਲੇਬਰ ਕੋਡ

ਪੀੜ੍ਹੀਆਂ ਤੋਂ ਭਾਰਤ ਦੇ ਮਜ਼ਦੂਰਾਂ ਨੇ ਇੱਕ ਪੁਰਾਣੀ ਅਤੇ ਟੁਕੜਿਆਂ ਵਿੱਚ ਵੰਡੇ ਹੋਏ ਲੇਬਰ ਸਿਸਟਮ ਦਾ ਬੋਝ ਚੁੱਕਿਆ ਹੈ, ਜੋ ਕਿ ਅਕਸਰ ਉਨ੍ਹਾਂ ਦੀ ਤਨਖਾਹ, ਸੁਰੱਖਿਆ ਅਤੇ ਕੰਮ ਵਾਲੀ ਥਾਂ 'ਤੇ ਮਾਣ ਦੀ ਰਾਖੀ ਕਰਨ ਵਿੱਚ ਅਸਫਲ ਰਿਹਾ ਹੈ। ਅਸੰਗਠਿਤ, ਠੇਕਾ ਅਧਾਰਿਤ ਅਤੇ ਉੱਭਰ ਰਹੇ ਗਿਗ ਸੈਕਟਰਾਂ ਦੇ ਲੱਖਾਂ ਕਾਮੇ ਨੀਤੀਗਤ ਦ੍ਰਿਸ਼ ਵਿੱਚ ਅਦਿੱਖ ਰਹੇ ਹਨ ਅਤੇ ਬੁਨਿਆਦੀ ਸਮਾਜਿਕ ਸੁਰੱਖਿਆ ਤੋਂ ਵਾਂਝੇ ਰਹੇ ਹਨ। ਚਾਰ ਲੇਬਰ ਕੋਡਸ ਇਨ੍ਹਾਂ ਇਤਿਹਾਸਕ ਬੇਇਨਸਾਫ਼ੀਆਂ ਦਾ ਸੁਧਾਰ ਕਰਨ ਲਈ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਯਤਨਾਂ ਦੀ ਪ੍ਰਤੀਨਿੱਧਤਾ ਕਰਦੇ ਹਨ। ਲਗਭਗ ਤਿੰਨ ਦਰਜਨ ਵੱਖ-ਵੱਖ ਕਾਨੂੰਨਾਂ ਨੂੰ ਇੱਕ ਸੁਮੇਲ, ਸਿੰਗਲ ਢਾਂਚੇ ਵਿੱਚ ਲਿਆ ਕੇ, ਇਹ ਕੋਡਸ ਨਿਆਂਸੰਗਤ ਵੇਤਨ, ਸੁਰੱਖਿਅਤ ਕਾਰਜ ਸਥਾਨਾਂ ਅਤੇ ਉਨ੍ਹਾਂ ਲੋਕਾਂ ਲਈ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਲੰਬੇ ਸਮੇਂ ਤੋਂ ਵਾਂਝੇ ਹਨ। ਵਰ੍ਹਿਆਂ ਦੇ ਸਲਾਹ-ਮਸ਼ਵਰੇ ਅਤੇ ਬਹਿਸ ਤੋਂ ਬਾਅਦ, ਇਨ੍ਹਾਂ ਦਾ ਲਾਗੂਕਰਨ, ਕਾਮਿਆਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਅਤੇ ਵਧੇਰੇ ਸਥਿਰ ਅਤੇ ਮਨੁੱਖੀ ਰੁਜ਼ਗਾਰ ਵਾਤਾਵਰਣ ਬਣਾਉਣ ਵਿੱਚ ਇੱਕ ਨਿਰਣਾਇਕ ਪਲ ਦਾ ਪ੍ਰਤੀਕ ਹੈ।

ਇੱਕ ਜ਼ਿੰਮੇਵਾਰ ਟ੍ਰੇਡ ਯੂਨੀਅਨ ਸੰਗਠਨ ਵਜੋਂ, ਭਾਰਤੀ ਟ੍ਰੇਡ ਯੂਨੀਅਨਾਂ ਦਾ ਰਾਸ਼ਟਰੀ ਮੋਰਚਾ (ਐੱਨ.ਐੱਫ.ਆਈ.ਟੀ.ਯੂ.), ਕਾਮਿਆਂ ਦੀ ਲੰਬੇ ਸਮੇਂ ਤੱਕ ਭਲਾਈ, ਮਾਣ ਅਤੇ ਸਮਾਜਿਕ ਸੁਰੱਖਿਆ ਲਈ ਪ੍ਰਤੀਬੱਧ ਹੈ। ਮੋਰਚਾ ਦ੍ਰਿੜ੍ਹਤਾ ਨਾਲ ਮੰਨਦਾ ਹੈ ਕਿ 12 ਫਰਵਰੀ ਨੂੰ ਲੇਬਰ ਕੋਡਸ ਦੇ ਵਿਰੁੱਧ ਹੜਤਾਲ ਵਿੱਚ ਹਿੱਸਾ ਲੈਣਾ ਨਾ ਤਾਂ ਲਾਜ਼ਮੀ ਹੈ ਅਤੇ ਨਾ ਹੀ ਮੌਜੂਦਾ ਸਮੇਂ ਵਿੱਚ ਲੇਬਰ ਵਰਗ ਦੇ ਸਰਬੋਤਮ ਹਿੱਤਾਂ ਵਿੱਚ ਹੈ।

ਲੇਬਰ ਕੋਡਸ ਕੋਈ ਅਚਾਨਕ ਜਾਂ ਇੱਕਪਾਸੜ ਦਖਲਅੰਦਾਜ਼ੀ ਨਹੀਂ ਹਨ। ਇਹ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਚਲੀ ਸੁਧਾਰ ਪ੍ਰਕਿਰਿਆ ਦਾ ਨਤੀਜਾ ਹੈ। 29 ਵੱਖ-ਵੱਖ ਕਿਰਤ ਕਾਨੂੰਨਾਂ ਨੂੰ ਚਾਰ ਵਿਆਪਕ ਕੋਡਸ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ, ਤਾਂ ਜੋ ਪਾਲਣਾ ਨੂੰ ਸਰਲ ਬਣਾਇਆ ਜਾ ਸਕੇ, ਅਸਪੱਸ਼ਟਤਾ ਨੂੰ ਘਟਾਇਆ ਜਾ ਸਕੇ ਅਤੇ ਕੰਮ ਅਤੇ ਰੁਜ਼ਗਾਰ ਦੀਆਂ ਬਦਲਦੀਆਂ ਵਾਸਤਵਿਕਤਾਵਾਂ ਦੇ ਅਨੁਸਾਰ ਭਾਰਤ ਦੀ ਕਿਰਤ ਰੂਪ-ਰੇਖਾ ਨੂੰ ਆਧੁਨਿਕ ਬਣਾਇਆ ਜਾ ਸਕੇ।

ਲੇਬਰ ਕੋਡਸ ਨੂੰ ਪੂਰੀ ਤਰ੍ਹਾਂ ਨਾਲ ਰੱਦ ਕਰਨਾ ਉਨ੍ਹਾਂ ਬੁਨਿਆਦੀ ਲਾਭਾਂ ਦੀ ਅਣਦੇਖੀ ਕਰਦਾ ਹੈ, ਜੋ ਉਹ ਕਾਮਿਆਂ ਨੂੰ ਪ੍ਰਦਾਨ ਕਰਨ ਦਾ ਯਤਨ ਕਰਦੇ ਹਨ। ਵੇਜ ਕੋਡ ਵਿਸ਼ਵਵਿਆਪੀ ਘੱਟੋ-ਘੱਟ ਵੇਤਨ ਕਵਰੇਜ ਅਤੇ ਸਮੇਂ ਸਿਰ ਵੇਤਨ ਦੇ ਭੁਗਤਾਨ ਨੂੰ ਯਕੀਨੀ ਬਣਾਉਂਦਾ ਹੈ, ਜਿਸ ਨਾਲ ਵੱਖ-ਵੱਖ ਖੇਤਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਵੇਤਨ ਸੁਰੱਖਿਆ ਪਾੜੇ ਨੂੰ ਦੂਰ ਕੀਤਾ ਜਾ ਸਕਦਾ ਹੈ। ਸਮਾਜਿਕ ਸੁਰੱਖਿਆ ਕੋਡ, ਪਹਿਲੀ ਵਾਰ, ਅਸੰਗਠਿਤ, ਠੇਕੇ, ਗਿਗ ਅਤੇ ਪਲੇਟਫਾਰਮ ਵਰਕਰਾਂ ਲਈ ਸਮਾਜਿਕ ਸੁਰੱਖਿਆ ਲਈ ਇੱਕ ਵਿਧਾਨਕ ਢਾਂਚਾ ਤਿਆਰ ਕਰਦਾ ਹੈ। ਇਨ੍ਹਾਂ ਕਾਮਿਆਂ ਦੀ ਗਿਣਤੀ ਲਗਭਗ 40 ਕਰੋੜ ਹੈ ਅਤੇ ਪਹਿਲਾਂ ਇਹ ਰਸਮੀ ਸੁਰੱਖਿਆ ਪ੍ਰਣਾਲੀ ਤੋਂ ਬਾਹਰ ਸਨ। ਇਹ ਪ੍ਰਬੰਧ ਭਾਰਤ ਵਿੱਚ ਕਾਮਿਆਂ ਦੇ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਕਵਰੇਜ ਦੇ ਇਤਿਹਾਸਕ ਵਿਸਥਾਰ ਨੂੰ ਪੇਸ਼ ਕਰਦੇ ਹਨ।

ਉਦਯੋਗਿਕ ਸਬੰਧ ਕੋਡ ਅਤੇ ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮਕਾਜੀ-ਸਥਿਤੀ ਕੋਡ ਦਾ ਉਦੇਸ਼ ਉਦਯੋਗਿਕ ਸਦਭਾਵਨਾ, ਤੇਜ਼ ਵਿਵਾਦ ਨਿਪਟਾਰਾ ਅਤੇ ਸੁਰੱਖਿਅਤ, ਸਿਹਤਮੰਦ ਅਤੇ ਵਧੇਰੇ ਸਨਮਾਨਜਨਕ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨਾ ਹੈ। ਕੁਝ ਪ੍ਰਬੰਧਾਂ ਨੂੰ ਲੈ ਕੇ ਚਿੰਤਾਵਾਂ ਹੋ ਸਕਦੀਆਂ ਹਨ, ਤਜ਼ਰਬੇ ਦੱਸਦੇ ਹਨ ਕਿ ਵਿਆਪਕ ਵਿਰੋਧ ਪ੍ਰਦਰਸ਼ਨ ਅਤੇ ਹੜਤਾਲਾਂ ਨਾਲ ਸ਼ਾਇਦ ਹੀ ਰਚਨਾਤਮਕ ਨਤੀਜੇ ਮਿਲਦੇ ਹਨ। ਗੱਲਬਾਤ, ਨਿਯਮ-ਅਧਾਰਿਤ ਸੁਧਾਰ ਅਤੇ ਮੁੱਦਾ-ਵਿਸ਼ੇਸ਼ 'ਤੇ ਚਰਚਾ ਰਾਹੀਂ ਮਜ਼ਦੂਰਾਂ ਦੇ ਹਿਤ ਬਿਹਤਰ ਢੰਗ ਨਾਲ ਪੂਰੇ ਕੀਤਾ ਜਾ ਸਕਦੇ ਹਨ, ਬਜਾਏ ਇਸ ਦੇ ਕਿ ਆਪਸ ਵਿੱਚ ਟਕਰਾਅ ਹੋਵੇ, ਜਿਸ ਨਾਲ ਤਨਖਾਹ ਦਾ ਨੁਕਸਾਨ, ਉਤਪਾਦਨ ਵਿੱਚ ਰੁਕਾਵਟ ਅਤੇ ਰੁਜ਼ਗਾਰ ਦੀ ਅਸੁਰੱਖਿਆ ਦਾ ਜੋਖਮ ਪੈਦਾ ਹੁੰਦਾ ਹੈ - ਖਾਸ ਕਰਕੇ ਕਰਮਚਾਰੀਆਂ ਦੇ ਸਭ ਤੋਂ ਕਮਜ਼ੋਰ ਵਰਗਾਂ ਲਈ।

ਇਹ ਦਾਅਵਾ ਕਰਨਾ ਵੀ ਗਲਤ ਹੈ ਕਿ ਲੇਬਰ ਕੋਡਸ ਬਿਨਾ ਮਸ਼ਵਰੇ ਦੇ ਲਾਗੂ ਕੀਤੇ ਗਏ ਹਨ। ਸੁਧਾਰ ਪ੍ਰਕਿਰਿਆ ਵਿੱਚ ਤਿੰਨ ਪੱਖੀ ਚਰਚਾਵਾਂ ਦੇ ਕਈ ਦੌਰ, ਸੰਸਦੀ ਦੀਆਂ ਸਥਾਈ ਕਮੇਟੀਆਂ ਵਿੱਚ ਵਿਚਾਰ-ਵਟਾਂਦਰੇ ਅਤੇ ਵੱਖ-ਵੱਖ ਹਿਤਧਾਰਕਾਂ ਨਾਲ ਗੱਲਬਾਤ ਸ਼ਾਮਲ ਸਨ। ਇੱਕ ਲੋਕਤੰਤਰੀ ਪ੍ਰਣਾਲੀ ਵਿੱਚ, ਮਤਭੇਦ ਸੁਭਾਵਿਕ ਹਨ, ਪਰ ਉਨ੍ਹਾਂ ਨੂੰ ਗੱਲਬਾਤ ਅਤੇ ਸੰਸਥਾਗਤ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਰੁਕਾਵਟਾਂ ਨਾਲ ਜੋ ਕਿ ਅੰਤ ਵਿੱਚ ਖੁਦ ਮਜ਼ਦੂਰਾਂ ਨੂੰ ਹੀ ਨੁਕਸਾਨ ਪਹੁੰਚਾਉਂਦੀਆਂ ਹਨ।

ਜਦੋਂ ਭਾਰਤੀ ਅਰਥਵਿਵਸਥਾ ਢਾਂਚਾਗਤ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ ਅਤੇ ਰਾਸ਼ਟਰ ਇੱਕ ਵਿਕਸਿਤ ਭਾਰਤ ਦੇ ਟੀਚੇ ਦੀ ਦਿਸ਼ਾ ਵੱਲ ਅੱਗੇ ਵਧ ਰਿਹਾ ਹੈ, ਟ੍ਰੇਡ ਯੂਨੀਅਨਾਂ ਨੂੰ ਟੁੱਟਣ ਦੀ ਬਜਾਏ ਜ਼ਿੰਮੇਵਾਰ ਕਾਰਵਾਈ ਦੀ ਚੋਣ ਕਰਨੀ ਚਾਹੀਦੀ ਹੈ। ਸਾਡੀ ਭੂਮਿਕਾ ਸਿਰਫ਼ ਸੁਧਾਰਾਂ ਦਾ ਵਿਰੋਧ ਕਰਨਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਇਸ ਢੰਗ ਨਾਲ ਆਕਾਰ ਦੇਣਾ ਹੈ ਕਿ ਕਾਮਿਆਂ ਦੇ ਅਧਿਕਾਰ, ਸਮਾਜਿਕ ਸੁਰੱਖਿਆ ਅਤੇ ਕੰਮ ਵਾਲੀ ਥਾਂ 'ਤੇ ਮਾਣ ਨੂੰ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਟਿਕਾਊ ਸੁਧਾਰ ਰਾਹੀਂ ਵਿਵਹਾਰਕ ਤੌਰ 'ਤੇ ਮਜ਼ਬੂਤ ਕੀਤਾ ਜਾ ਸਕੇ।

ਟ੍ਰੇਡ ਯੂਨੀਅਨਾਂ ਦੀ ਅਸਲ ਜ਼ਿੰਮੇਵਾਰੀ ਸਿਰਫ਼ ਵਿਰੋਧ ਕਰਨਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਮਜ਼ਦੂਰਾਂ ਨੂੰ ਅਸਲ ਵਿੱਚ ਜ਼ਮੀਨੀ ਪੱਧਰ 'ਤੇ ਲਾਭ ਮਿਲੇ। ਹੁਣ ਧਿਆਨ ਇਸ ਗੱਲ 'ਤੇ ਹੋਣਾ ਚਾਹੀਦਾ ਹੈ ਕਿ ਲੇਬਰ ਕੋਡਸ ਨੂੰ ਨਿਆਂਪੂਰਨ ਢੰਗ ਨਾਲ ਲਾਗੂ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਹਰ ਮਜ਼ਦੂਰ ਤੱਕ ਪਹੁੰਚਾਇਆ ਜਾਵੇ, ਜਿਸ ਨੂੰ ਸੁਰੱਖਿਆ ਦੀ ਜ਼ਰੂਰਤ ਹੈ। ਹੜਤਾਲ ਦੀ ਬਜਾਏ ਗੱਲਬਾਤ, ਸਹਿਯੋਗ ਅਤੇ ਨਿਰੰਤਰ ਸੁਧਾਰ ਦੀ ਚੋਣ ਕਰਕੇ, ਟ੍ਰੇਡ ਯੂਨੀਅਨਾਂ ਇੱਕ ਅਜਿਹੀ ਪ੍ਰਣਾਲੀ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ ਜੋ ਮਜ਼ਦੂਰਾਂ ਲਈ ਨੌਕਰੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਅਤੇ ਸਨਮਾਨ ਪ੍ਰਦਾਨ ਕਰਦੀ ਹੋਵੇ ਅਤੇ ਨਾਲ ਹੀ 2047 ਤੱਕ ਵਿਕਸਿਤ ਭਾਰਤ ਵੱਲ ਦੇਸ਼ ਦੀ ਯਾਤਰਾ ਦਾ ਸਮਰਥਨ ਵੀ ਕਰਦੀ ਹੋਵੇ।

**(ਲੇਖਕ ਭਾਰਤੀ ਟ੍ਰੇਡ ਯੂਨੀਅਨਾਂ ਦੇ ਰਾਸ਼ਟਰੀ ਮੋਰਚਾ (ਐੱਨ.ਐੱਫ.ਆਈ.ਟੀ.ਯੂ.) ਦੇ ਪ੍ਰਧਾਨ ਹਨ)**



## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ



# ਤਰਬੂਜ਼ ਖਾਣ ਨਾਲ ਦਿਮਾਗ ਨੂੰ ਮਿਲਦੀ ਹੈ ਠੰਢਕ

, ਇਹ ਗੱਲ ਕਾਫੀ ਹੱਦ ਤੱਕ ਸਹੀ ਹੈ ਕਿ ਤਰਬੂਜ਼ ਦੀ ਤਾਸੀਰ ਠੰਡੀ ਹੁੰਦੀ ਹੈ ਅਤੇ ਇਸ ਵਿੱਚ ਲਗਭਗ 90 ਫੀਸਦੀ ਪਾਣੀ ਹੁੰਦਾ ਹੈ ਜੋ ਸਰੀਰ ਨੂੰ ਹਾਈਡਰੇਟ ਰੱਖਣ ਵਿੱਚ ਮਦਦ ਕਰਦਾ ਹੈ। ਇਹ ਗਰਮੀਆਂ ਵਿੱਚ ਮਨ ਨੂੰ ਠੰਡਕ ਪਹੁੰਚਾਉਂਦਾ ਹੈ ਅਤੇ ਗੁੱਸੇ ਨੂੰ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ।



**ਠੰਡੀ ਤਾਸੀਰ ਅਤੇ ਮਨ ਦੀ ਸ਼ਾਂਤੀ** ; ਤਰਬੂਜ਼ ਦੀ ਤਾਸੀਰ ਠੰਡੀ ਹੋਣ ਕਰਕੇ ਇਹ ਸਰੀਰ ਅਤੇ ਦਿਮਾਗ ਨੂੰ ਠੰਡਕ ਦਿੰਦਾ ਹੈ। ਗਰਮੀਆਂ ਵਿੱਚ ਇਹ ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਦਾ ਹੈ ਜਿਸ ਨਾਲ ਚਿੜਚਿੜਾਪਨ ਅਤੇ ਗੁੱਸਾ ਘਟ ਸਕਦਾ ਹੈ।

**ਹਾਈਡਰੇਸ਼ਨ ਵਿੱਚ ਮਦਦਗਾਰ** ; ਤਰਬੂਜ਼ ਵਿੱਚ ਲਗਭਗ 90 ਫੀਸਦੀ ਪਾਣੀ ਹੁੰਦਾ ਹੈ ਜੋ ਸਰੀਰ ਨੂੰ ਡੀਹਾਈਡਰੇਸ਼ਨ ਤੋਂ ਬਚਾਉਂਦਾ ਹੈ। ਪੂਰੀ ਤਰ੍ਹਾਂ ਹਾਈਡਰੇਟ ਹੋਣਾ ਮਨ ਦੀ ਸਥਿਰਤਾ ਅਤੇ ਮੂਡ ਨਾਲ ਜੁੜਿਆ ਹੋਇਆ ਹੈ।

**ਲਾਇਕੋਪੀਨ ਅਤੇ ਐਂਟੀਆਕਸੀਡੈਂਟ** ; ਤਰਬੂਜ਼ ਵਿੱਚ ਲਾਇਕੋਪੀਨ ਨਾਮਕ ਐਂਟੀਆਕਸੀਡੈਂਟ ਮਿਲਦਾ ਹੈ ਜੋ ਤਣਾਅ ਘਟਾਉਣ ਅਤੇ ਦਿਮਾਗੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ।

**ਵਿਟਾਮਿਨ ਅਤੇ ਖਣਿਜ** ; ਇਸ ਵਿੱਚ ਵਿਟਾਮਿਨ ਏ, ਸੀ ਅਤੇ ਬੀ6 ਹੁੰਦੇ ਹਨ ਜੋ ਦਿਮਾਗੀ ਸਿਹਤ ਅਤੇ ਮੂਡ ਨੂੰ ਸੰਤੁਲਿਤ ਰੱਖਣ ਵਿੱਚ ਸਹਾਇਕ ਹਨ। ਇਸ ਦੇ ਨਾਲ ਹੀ ਮੈਗਨੀਸ਼ੀਅਮ ਅਤੇ ਪੋਟੈਸ਼ੀਅਮ ਵਰਗੇ ਖਣਿਜ ਵੀ ਤਣਾਅ ਘਟਾਉਣ ਵਿੱਚ ਮਦਦ ਕਰਦੇ ਹਨ।

ਤਰਬੂਜ਼ ਦਾ ਵੱਧ ਸੇਵਨ ਕਰਨ ਨਾਲ ਖ਼ੂਨ ਵਿੱਚ ਸ਼ੱਕਰ ਦੀ ਮਾਤਰਾ ਵਧ ਸਕਦੀ ਹੈ, ਇਸ ਲਈ ਸ਼ੂਗਰ ਦੇ ਮਰੀਜ਼ਾਂ ਨੂੰ ਇਹ ਸਾਵਧਾਨੀ ਨਾਲ ਖਾਣਾ ਚਾਹੀਦਾ ਹੈ। ਠੰਡੀ ਤਾਸੀਰ ਹੋਣ ਕਰਕੇ ਕੁਝ ਲੋਕਾਂ ਨੂੰ ਜ਼ੁਕਾਮ ਜਾਂ ਗਲੇ ਦੀ ਖਰਾਸ਼ ਹੋ ਸਕਦੀ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਟਿਆਲਾ ਦੇ ਜੂਨੀਅਰ ਵਿਦਿਆਰਥੀਆਂ ਨੇ ਸੀਨੀਅਰ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

ਪਟਿਆਲਾ, 7 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪਟਿਆਲਾ ਨੇ 7 ਫਰਵਰੀ, 2026 ਨੂੰ ਸੈਸ਼ਨ 2025-26 ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਨੌਂਵੀਂ ਅਤੇ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਦਿੱਲੀ ਪਲਾਜ਼ਾ ਵਿੱਚ ਆਪਣੇ ਸੀਨੀਅਰ ਸਾਥੀਆਂ ਨੂੰ ਨਿੱਘੀ ਵਿਦਾਇਗੀ ਦੇਣ ਦਾ ਆਯੋਜਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਾਨਯੋਗ ਮੁੱਖ ਮਹਿਮਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਚੇਅਰਮੈਨ ਸਰਦਾਰ ਜਗਜੀਤ ਸਿੰਘ ਦਰਦੀ, ਡਾਇਰੈਕਟਰ ਮੈਡਮ ਸਰਦਾਰਨੀ ਜਸਵਿੰਦਰ ਕੌਰ ਦਰਦੀ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਡਾ.ਕੰਵਲਜੀਤ ਕੌਰ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਹਮੇਸ਼ਾ ਦੀ ਤਰਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤਾਂ ਕਿ ਵਿਦਿਆਰਥੀ ਆਪਣੀ ਕਾਬਲੀਅਤ ਨੂੰ ਉਭਾਰਨ ਅਤੇ ਸਿੱਖਿਆ ਦੇ ਖੇਤਰ ਵਿੱਚ ਹੋਰ ਪੁਲਾਘਾਂ ਪੁੱਟ ਸਕਣ। ਵਿਦਿਆਰਥੀਆਂ ਨੇ ਸਕੂਲ ਵਿੱਚ ਬਿਤਾਏ ਸਾਲਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਗੀਤ ਗਾਏ। ਜੂਨੀਅਰ ਵਿਦਿਆਰਥੀਆਂ ਦੁਆਰਾ ਕੀਤੇ ਗਏ ਡਾਂਸ ਪ੍ਰਦਰਸ਼ਨ ਨੇ ਸਾਰਿਆਂ ਦਾ ਮਨ ਮੋਹ ਲਿਆ।







ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕ ਨੇ ਆਪਣੇ ਪਿਆਰੇ ਵਿਦਿਆਰਥੀਆਂ ਨੂੰ ਨਿੱਘੀ ਅਲਵਿਦਾ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਆਖਿਰ ਵਿੱਚ ਮੁੱਖ ਮਹਿਮਾਨਾਂ ਵੱਲੋਂ ਮਿਸਟਰ ਅਤੇ ਮਿਸ ਐਸ.ਜੀ.ਐੱਚ.ਪੀ.ਐੱਸ ਚੁਣੇ ਗਏ ਜਿਹਨਾਂ ਵਿੱਚ ਤੇਜਪ੍ਰਤਾਪ ਸਿੰਘ ਮਿਸਟਰ ਐਸ.ਜੀ.ਐੱਚ.ਪੀ.ਐੱਸ ਅਤੇ ਪੂਰਨੀਤ ਕੌਰ ਨੇ ਮਿਸ ਐਸ.ਜੀ.ਐੱਚ.ਪੀ.ਐੱਸ ਦਾ ਖਿਤਾਬ ਆਪਣੇ ਨਾਮ ਕੀਤਾ। ਇਸ ਤਰਾਂ ਇਹ ਵਿਦਾਇਗੀ ਸਮਾਰੋਹ ਥੋੜੀ ਭਾਵੁਕ ਮਿਲਣੀ ਅਤੇ ਬਹੁਤ ਸਾਰੀਆਂ ਨਵੀਆਂ ਉਮੀਦਾਂ ਨਾਲ ਯਾਦਗਾਰੀ ਹੋ ਨਿਬੜਿਆ।

# ਗੁ. ਸੋਢੀ ਦਰਬਾਰ ਵੱਲੋਂ ਦੂਜਾ ਸ਼ੁਕਰਾਨਾ ਸਮਾਗਮ ਅਤੇ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ 13 ਨੂੰ

ਊਨਾ / ਮੈੜੀ।, 7 ਫਰਵਰੀ ( ਸੁਖਦੇਵ ਸਿੰਘ ਉੜਾਪੜ) ਪਿੰਡ ਮੈੜੀ ਦੇ ਗੁਰਦੁਆਰਾ ਸੋਢੀ ਦਰਬਾਰ ਵਿਖੇ13 ਫਰਵਰੀ ਨੂੰ ਸ਼ੁਕਰਾਨਾ ਸਮਾਗਮ ਅਤੇ ਦੂਜਾ;ਫਰੀ ਅੱਖਾਂ ਦਾ ਆਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਗੁਰਦੁਆਰਾ ਨਵਾਂ ਦੇਹਰਾ ਸਾਹਿਬ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ 13 ਫਰਵਰੀ ਨੂੰ ਸੇਠ ਹਸਪਤਾਲ ਬੰਗਾ ਤੋਂ ਅੱਖਾਂ ਦੇ ਸਪੈਸ਼ਲਿਸਟ ਡਾਕਟਰਾਂ ਦੀ ਟੀਮ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕ ਅਪ ਕਰੇਗੀ । ਉਹਨਾਂ ਦੱਸਿਆ ਕਿ ਲੋੜਵੰਦ ਮਰੀਜ਼ਾਂ ਦਾ ਸੇਠ ਆਈ ਹਸਪਤਾਲ ਬੰਗਾ ਵਿਖੇ ਆਪਰੇਸ਼ਨ ਕੀਤੇ ਜਾਣਗੇ ਅਤੇ ਲੈਂਸ ਪਾਏ ਜਾਣਗੇ। ਸੰਸਥਾ ਦੇ ਪ੍ਰਧਾਨ ਸੁਖਦੇਵ ਸਿੰਘ ਉੜਾਪੜ ਨੇ ਦੱਸਿਆ ਕਿ 13 ਫਰਵਰੀ ਨੂੰ ਸਵੇਰੇ 8 ਵਜੇ ਤੋਂ 10 ਵਜੇ ਤੱਕ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ। 10 ਵਜੇ ਆਲ ਇੰਡੀਆ ਬਾਬਾ ਵਡਭਾਗ ਸਿੰਘ ਸੇਵਕ ਸੋਸਾਇਟੀ ਦੇ ਸੰਸਥਾਪਕ ਅਤੇ ਪ੍ਰਧਾਨ ਬਾਬਾ ਜਗਦੇਵ ਸਿੰਘ ਸਿੱਧੂ ਵੱਲੋਂ ਅੱਖਾਂ ਦੇ ਆਪਰੇਸ਼ਨ ਕੈਂਪ ਦਾ ਉਦਘਾਟਨ ਕੀਤਾ ਜਾਵੇਗਾ। ਲੋੜਵੰਦ ਮਰੀਜ਼ਾਂ ਨੂੰ ਫਰੀ ਦਵਾਈਆਂ ਅਤੇ ਡਾਕਟਰੀ ਸਲਾਹ ਦਿੱਤੀ ਜਾਵੇਗੀ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਲ ਇੰਡੀਆ ਬਾਬਾ ਵਡਭਾਗ ਸਿੰਘ ਸੇਵਕ ਸੋਸਾਇਟੀ ਦੇ ਸੰਸਥਾਪਕ ਅਤੇ ਪ੍ਰਧਾਨ ਬਾਬਾ ਜਗਦੇਵ ਸਿੰਘ ਸਿੱਧੂ ਨੇ ਕਿਹਾ ਕਿ ਸੋਡੀ ਦਰਬਾਰ ਵੱਲੋਂ ਲਗਾਏ ਜਾ ਰਹੇ ਦੂਜੇ ਮੁਫਤ ਆਪਰੇਸ਼ਨ ਕੈਂਪ ਦਾ ਇਲਾਕਾ ਨਿਵਾਸੀਆਂ ਨੂੰ ਬਹੁਤ ਫਾਇਦਾ ਹੋਵੇਗਾ। ਉਹਨਾਂ ਕਿਹਾ ਕਿ ਅੱਖਾਂ ਬਿਨਾਂ ਸਾਰਾ ਜਹਾਨ ਹੀ ਸੁੰਨਾ ਹੈ । ਇਲਾਕੇ ਦੇ ਲੋਕਾਂ ਦੀਆਂ ਅੱਖਾਂ ਦਾ ਇਲਾਜ ਕਰਵਾ ਕੇ ਗੁਰਦੁਆਰਾ ਸੋਢੀ ਦਰਬਾਰ ਇਸ ਇਲਾਕੇ ਵਿੱਚ ਬਹੁਤ ਹੀ ਭਲਾਈ ਦਾ ਕੰਮ ਕਰ ਰਿਹਾ ਹੈ। ਇਸ ਮੌਕੇ ਸੁਖਦੇਵ ਸਿੰਘ ਉੜਾਪੜ ਨੇ ਦੱਸਿਆ ਕਿ ਗੁਰਦੁਆਰਾ ਸੋਢੀ ਦਰਬਾਰ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਅਤੇ ਸੰਗਤ ਦੇ ਰਿਹਾਇਸ਼ ਲਈ ਵਿਸ਼ੇਸ਼ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਕੀਤੇ ਗਏ ਹਨ।

# ਐਨ.ਆਈ.ਟੀ.ਟੀ.ਟੀ.ਆਰ. ਚੰਡੀਗੜ੍ਹ ਵਿਖੇ ਰਾਸ਼ਟਰੀ ਸੈਮੀਨਾਰ ਦਾ ਉਦਘਾਟਨ

ਚੰਡੀਗੜ੍ਹ, 7 ਫਰਵਰੀ (ਚ.ਨ.ਸ.) : ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ, ਐਨਈਪੀ 2020 ਲਾਗੂਕਰਨ ਯਾਤਰਾ: ਭਵਿੱਖ ਲਈ ਟਿਕਾਊ ਮਾਰਗਾਂ ਦਾ ਨਿਰਮਾਣ ਦਾ ਉਦਘਾਟਨ 7 ਫਰਵਰੀ, 2026 ਨੂੰ ਐਨਆਈਟੀਟੀਆਰ, ਚੰਡੀਗੜ੍ਹ ਵਿਖੇ ਕੀਤਾ ਗਿਆ ਸੀ। ਇਹ ਸੈਮੀਨਾਰ ਆਲ ਇੰਡੀਆ ਨੈਸ਼ਨਲ ਐਜੂਕੇਸ਼ਨਲ ਫੈਡਰੇਸ਼ਨ (ਏਬੀਆਰਐਸਐਮ) ਦੀ ਇਕਾਈ, ਏਬੀਆਰਐਸਐਮ ਨੈਸ਼ਨਲ ਟੈਕਨਾਲੋਜੀ ਟੀਚਰਜ਼ ਫੋਰਮ (ਏਬੀਆਰਐਸਐਮ-ਐਨਆਈਟੀਟੀਐਫ) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।

ਏਬੀਆਰਐਸਐਮ ਦੇ ਪ੍ਰਧਾਨ, ਪ੍ਰੋ. ਨਾਰਾਇਣ ਲਾਲ ਗੁਪਤਾ ਮੁੱਖ ਮਹਿਮਾਨ ਸਨ ਅਤੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਭਾਸ਼ਣ ਦਿੱਤਾ। ਪ੍ਰੋਗਰਾਮ ਵਿੱਚ ਸ਼੍ਰੀ ਮਹਿੰਦਰ ਕਪੂਰ (ਰਾਸ਼ਟਰੀ ਸੰਗਠਨ ਸਕੱਤਰ, ਏਬੀਆਰਐਸਐਮ), ਸ਼੍ਰੀ ਗੁੰਥਾ ਲਕਸ਼ਮਣ (ਰਾਸ਼ਟਰੀ ਸਹਿ-ਸੰਗਠਨ ਸਕੱਤਰ, ਏਬੀਆਰਐਸਐਮ), ਪ੍ਰੋ. ਐਮ.ਕੇ. ਸ਼੍ਰੀਮਾਲੀ (ਕਨਵੀਨਰ, ਏਬੀਆਰਐਸਐਮ-ਐਨਆਈਟੀਟੀਐਫ), ਪ੍ਰੋ. ਰਾਜੇਸ਼ਵਰ ਸਿੰਘ ਬੰਸਤੂ (ਸਹਿ-ਕਨਵੀਨਰ, ਏਬੀਆਰਐਸਐਮ-ਐਨਆਈਟੀਟੀਐਫ) ਅਤੇ ਪ੍ਰੋ. ਵਿਨੋਦ ਕਨੌਜੀਆ, ਡਾਇਰੈਕਟਰ, ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਜਲੰਧਰ ਸਮੇਤ ਕਈ ਪਤਵੰਤੇ ਮੌਜੂਦ ਸਨ।

# ਸੈਂਟਰਲ ਬੈਂਕ ਆਫ਼ ਇੰਡੀਆ ਨੇ 35.48 ਕਰੋੜ ਦੇ ਕਰਜ਼ੇ ਦੇ ਪ੍ਰਵਾਨਗੀ ਪੱਤਰ ਵੰਡੇ ਅਤੇ 124 ਕਰੋੜ ਦੀ ਲੀਡ ਪ੍ਰਾਪਤ ਕੀਤੀ

ਲੁਧਿਆਣਾ, 7 ਫਰਵਰੀ (ਚ.ਨ.ਸ.) : ਸੈਂਟਰਲ ਬੈਂਕ ਆਫ਼ ਇੰਡੀਆ, ਇੱਕ ਪ੍ਰਮੁੱਖ ਜਨਤਕ ਖੇਤਰ ਬੈਂਕ, ਨੇ ਅੱਜ ਦੇਸ਼ ਭਰ ਵਿੱਚ ਆਪਣੀਆਂ ਸਾਰੀਆਂ ਸ਼ਾਖਾਵਾਂ ਵਿੱਚ ਮੈਗਾ ਆਊਟਰੀਚ ਐਮਐਸਐਮਈ ਕ੍ਰੈਡਿਟ ਕੈਂਪ ਲਗਾਏ। ਇਹ ਕੈਂਪ ਲੁਧਿਆਣਾ ਦੇ ਫੋਕਲ ਪੁਆਇੰਟ ਸ਼ਾਖਾ ਵਿਖੇ ਆਯੋਜਿਤ ਕੀਤਾ ਗਿਆ। ਬੈਂਕ ਦੇ ਖੇਤਰੀ ਮੁਖੀ ਅਸ਼ੋਕ ਸ਼ਰਮਾ ਨੇ ਮੁੱਖ ਪ੍ਰਬੰਧਕ ਅਜੈ





ਯਾਦਵ, ਸ਼ਾਖਾ ਪ੍ਰਬੰਧਕਾਂ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਗਾਹਕਾਂ ਦੀ ਮੌਜੂਦਗੀ ਵਿੱਚ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਉਦੇਸ਼ ਗਾਹਕਾਂ ਨਾਲ ਜੁੜਨਾ, ਉਨ੍ਹਾਂ ਦੇ ਸੁਝਾਅ ਮੰਗਣਾ ਅਤੇ ਸ਼ਾਨਦਾਰ ਸੇਵਾ ਪ੍ਰਦਾਨ ਕਰਨਾ ਹੈ। ਇਸ ਮੌਕੇ, 35.48 ਕਰੋੜ ਰੁਪਏ ਦੇ ਕਰਜ਼ੇ ਦੀ ਪ੍ਰਵਾਨਗੀ ਪੱਤਰ ਵੰਡੇ ਗਏ, ਅਤੇ 124 ਕਰੋੜ ਰੁਪਏ ਦੇ ਲੀਡ ਪ੍ਰਾਪਤ ਕੀਤੇ ਗਏ।

## ਪੰਜਾਬ ਵਿੱਚ ਬਿਜਲੀ ਦਾ ਇਤਿਹਾਸ

# 110 ਸਾਲ ਪਹਿਲਾਂ ਅੰਮ੍ਰਿਤਸਰ ਦੇ ਡੀ.ਸੀ. ਨੂੰ ਜਾਰੀ ਹੋਇਆ ਪਹਿਲਾ ਬਿਜਲੀ ਕੁਨੈਕਸ਼ਨ

ਪਟਿਆਲਾ , 7 ਫਰਵਰੀ (ਚ.ਨ.ਸ.) : ਭਾਰਤ ਵਿੱਚ ਲਗਭਗ 127 ਸਾਲ ਪਹਿਲਾਂ ਸੰਨ 1899 ਵਿੱਚ ਬਿਜਲੀ ਦਾ ਵਪਾਰਕ ਤੌਰ ਤੇ ਪੈਦਾਵਾਰ ਸ਼ੁਰੂ ਹੋ ਗਿਆ ਸੀ। ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਪੰਜਾਬ ਵਿੱਚ ਪੂਰੇ 110 ਸਾਲ ਪਹਿਲਾਂ 8 ਫਰਵਰੀ ਸੰਨ 1916 ਨੂੰ ਬਿਜਲੀ ਦਾ ਪਹਿਲਾਂ ਕੁਨੈਕਸ਼ਨ ਜਾਰੀ ਕੀਤਾ ਗਿਆ ਸੀ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਸੰਚਾਲਨ ਸ਼ਹਿਰੀ ਸਰਕਲ ਅਮ੍ਰਿਤਸਰ ਦੇ ਉਪ ਮੁੱਖ ਇੰਜੀਨੀਅਰ ਇੰਜੀ:ਗੁਰਸ਼ਰਨ ਸਿੰਘ ਖਹਿਰਾ ਅਨੁਸਾਰ ਅੰਮ੍ਰਿਤਸਰ ਦੇ ਹਾਲ ਗੇਟ ਦੇ ਸਭ ਤੋਂ ਪੁਰਾਣੇ ਬਿਜਲੀ ਵਿਭਾਗ ਦੇ ਸਭ ਤੋਂ ਪੁਰਾਣੇ ਦਫਤਰ ਵੱਲੋਂ ਲੱਭੇ ਗਏ ਦਸਤਾਵੇਜਾਂ ਤੋਂ ਇਹ ਪਤਾ ਲੱਗਦਾ ਹੈ ਕਿ ਪਹਿਲਾ ਬਿਜਲੀ ਕਨੈਕਸ਼ਨ ਮੁੱਖ ਇਲੈਕਟ੍ਰੀਕਲ ਇੰਜੀਨੀਅਰ ਐਚ.ਸੀ.ਗ੍ਰੀਨਵੁਡ ਵੱਲੋਂ ਪ੍ਰਵਾਨ ਕੀਤਾ ਗਿਆ ਸੀ। 11 ਦਸੰਬਰ, ਸੰਨ 1915 ਨੂੰ ਮਿਉਂਸਪਲ ਇਲੈਕਟ੍ਰੀਸਿਟੀ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਲਈ ਪਹਿਲਾਂ ਬਿਜਲੀ ਕੁਨੈਕਸ਼ਨ ਲਗਾਉਣ ਲਈ ਬੇਨਤੀ ਪੱਤਰ ਦਿੱਤਾ ਗਿਆ ਸੀ ।ਸੀ.ਐਮ. ਕਿੰਗ ਵੱਲੋਂ ਉਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਨ ।ਬਿਜਲੀ ਕੁਨੈਕਸ਼ਨ ਜਾਰੀ ਕਰਨ ਲਈ ਬੇਨਤੀ ਤੇ ਵਰਕ ਆਰਡਰ ਨੰਬਰ ਇੱਕ ਮਿਤੀ 8 ਫਰਵਰੀ,1916 ਰਾਹੀਂ ਪਹਿਲਾ ਬਿਜਲੀ ਕੁਨੈਕਸ਼ਨ ਜਾਰੀ ਕੀਤਾ ਗਿਆ ਅਤੇ ਬਿਜਲੀ ਬਿਨੈਕਾਰ ਨੂੰ ਬਿਜਲੀ ਕੁਨੈਕਸ਼ਨ ਜਾਰੀ ਕਰਨ ਲਈ 55 ਰੁਪਏ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਸੀ। ਪਾਵਰਕਾਮ ਦੇ ਦੱਖਣ ਸੰਚਾਲਣ ਜੋਨ ਦੇ ਮੁੱਖ ਇੰਜੀਨੀਅਰ ਇੰਜੀ: ਰਤਨ ਮਿੱਤਲ ਅਨੁਸਾਰ ਸ਼੍ਰੀਮਤੀ ਸਰਿਤਾ ਪਾਵਰਕਾਮ ? ਇਕ ਕਰੋੜਵੇਂ ਬਿਜਲੀ ਖਪਤਕਾਰ ਹਨ, ਉਨ੍ਹਾਂ ਨੇ ਪਾਵਰਕਾਮ ਤੋਂ ਘਰੇਲੂ ਕੁਨੈਕਸ਼ਨ ਲਿਆ, ਜਿਨ੍ਹਾਂ ਨੂੰ 31 ਜੁਲਾਈ 2021 ਨੂੰ ਬਿਜਲੀ ਖਪਤ ਦਾ ਬਿਲ ਜਾਰੀ ਕੀਤਾ ਗਿਆ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਦੇ ਰਿਕਾਰਡ ਅਨੁਸਾਰ ਸੰਨ 1917 ਵਿੱਚ ਬਿਜਲੀ ਦੀਆਂ ਦਰਾਂ ਅੱਠ ਆਨਾ ਪ੍ਰਤੀ ਯੂਨਿਟ ਸਨ ਅਤੇ ਇਸ ਵਿੱਚ 25 ਫੀਸਦੀ ਦੀ ਛੋਟ ਦਿੱਤੀ ਗਈ ਸੀ ।ਅੱਪਰ ਬਾਰੀ ਦੁਆਬ ਨਹਿਰ ਦੀ ਜਗ੍ਹਾ ,ਜਿਸ ਤੇ 1915 ਵਿੱਚ ਸ਼ਹਿਰ ਲਈ ਬਿਜਲੀ ਪੈਦਾ ਕਰਨ ਲਈ ਟਰਬਾਈਨਾਂ ਲਗਾਈਆਂ ਗਈਆਂ ਸਨ ,ਨੂੰ ਹਿਰਦੇ ਪ੍ਰੋਜੈਕਟ ਤਹਿਤ ਸੁਰੱਖਿਅਤ ਰੱਖਿਆ ਗਿਆ ।ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ 1995 ਚ ਨਗਰ ਕੌਂਸਲ ਨਗਰਪਾਲਿਕਾ ਬਿਜਲੀ ਵਿਭਾਗ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ ਇਹ ਕਾਫੀ ਲੰਬਾ ਸਫਰ ਤੈ ਕਰ ਚੁੱਕਾ ਹੈ। ਇਸ ਸਮੇਂ ਪਾਵਰਕਾਮ ? ਇਕ ਕਰੋੜ ਸਤ ਲੱਖ ਦੇ ਲਗਭਗ ਵੱਖ-ਵੱਖ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ ਦੇ ਅਹਾਤਿਆਂ ਨੂੰ ਰੌਸ਼ਨਾ ਰਿਹਾ ਹੈ, ਜਿਨ੍ਹਾਂ ਵਿੱਚ 79.28 ਲੱਖ ਘਰੇਲੂ ਕੁਨੈਕਸ਼ਨ,12.57 ਲੱਖ ਵਣਜ ਕੁਨੈਕਸ਼ਨ, 13.91 ਲੱਖ ਖੇਤੀ ਕੁਨੈਕਸ਼ਨ, 1.57 ਸਨਅਤੀ ਕੁਨੈਕਸ਼ਨ ਅਤੇ 6414 ਹੋਰ ਕੁਨੈਕਸ਼ਨ ਹਨ।





**ਸੰਨ 1915 ਵਿੱਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਕੈਂਪ ਦਫ਼ਤਰ ਲਈ 32 ਵਾਟ ਦੇ 19 ਲੈਂਪ, 110 ਵਾਟ ਦੇ 4 ਛੱਤ ਪੱਖੇ, ਟੇਬਲ ਲੈਂਪਾਂ ਲਈ 9 ਪਲੱਗ ਅਤੇ ਰੇਡੀਏਟਰਾਂ ਲਈ 500 ਵਾਟ ਦੇ 2 ਪਲੱਗਾਂ ਦੀ ਮੰਗ ਸਬੰਧੀ ਦਿੱਤੀ ਗਈ ਬੇਨਤੀ ਪੱਤਰ ਦੀ ਇੱਕ ਕਾਪੀ।**

# ਪੰਜਾਬ ਐਂਡ ਸਿੰਧ ਬੈਂਕ ਵੱਲੋਂ ਖੋਲ੍ਹੀ ਗਈ ਜੰਡਿਆਲੀ ਵਿੱਚ ਨਵੀਂ ਸ਼ਾਖਾ

ਲੁਧਿਆਣਾ, 7 ਫਰਵਰੀ (ਚ.ਨ.ਸ.) : ਜਨਤਕ ਖੇਤਰ ਦੇ ਬੈਂਕਾਂ ਵਿੱਚ ਮੋਹਰੀ ਪੰਜਾਬ ਐਂਡ ਸਿੰਧ ਬੈਂਕ ਵਲੋਂ ਜੰਡਿਆਲੀ ਵਿੱਚ ਨਵੀਂ ਬ੍ਰਾਂਚ ਖੋਲੀ ਗਈ ਜਿਸਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਬੈਂਕ ਦੇ ਜੋਨਲ ਮੈਨੇਜਰ ਮਲਕੀਤ ਨੇ ਪਤਵੰਤੇ ਗ੍ਰਾਹਕਾਂ ਦੀ ਹਾਜਰੀ ਵਿੱਚ ਕੀਤਾ,



ਉਨਾਂ ਦਾ ਸੁਆਗਤ ਬ੍ਰਾਂਚ ਮੈਨੇਜਰ ਜੰਡਿਆਲੀ ਪ੍ਰਿਯਾ ਪੂਰੀ ਨੇ ਕੀਤਾ, ਮਲਕੀਤ ਸਿੰਘ ਨੇ ਦੱਸਿਆ ਕਿ ਬ੍ਰਾਂਚ ਵਿਚ ਗ੍ਰਾਹਕਾਂ ਲਈ ਹਰੇਕ ਤਰਾਂ ਦਿਆਂ ਸਹੂਲਤਾਂ ਉਪਲੱਬਧ ਹਨ ਅਤੇ ਵਧੀਆ ਸੇਵਾਵਾਂ ਦਿਤੀਆਂ ਜਾਣ ਗਿਆਂ ਉਨਾਂ ਕਿਹਾ ਕਿ ਬੈਂਕ ਐਮ.ਡੀ. ਅਤੇ ਸੀ.ਈ.ਓ ਸਰੂਪ ਸਾਹਾ ਦੀ ਅਗਵਾਈ ਹੇਠ ਬੜੀ ਤੇਜੀ ਨਾਲ ਗ੍ਰੋਥ ਕਰ ਰਿਹਾ ਹੈ।

# ਫੈਸਾਡ ਉਤਪਾਦਾਂ ਵਿੱਚ ਸਭ ਤੋਂ ਵੱਡੀ ਮੁਫ਼ਤ ਟੈਸਟਿੰਗ ਪਹਿਲ ਦੀ ਸ਼ੁਰੂਆਤ

ਚੰਡੀਗੜ੍ਹ, 7 ਫਰਵਰੀ (ਚ.ਨ.ਸ.): ਅਲੂਡਿਕੋਰ, ਜੋ ਕਿ ਦੇਸ਼ ਦੇ ਪ੍ਰਮੁੱਖ ਫੈਸਾਡ ਉਤਪਾਦ ਨਿਰਮਾਤਾਵਾਂ ਵਿੱਚੋਂ ਇੱਕ ਹੈ, ਨੇ ਐਲੂਮੀਨੀਅਮ ਕੰਪੋਜ਼ਿਟ ਪੈਨਲ (ACP) ਉਦਯੋਗ ਵਿੱਚ ਇੱਕ ਸਵੈਛਿਕ, ਪੂਰੀ ਤਰ੍ਹਾਂ ਮੁਫ਼ਤ ਅਤੇ ਸਭ ਲਈ ਖੁੱਲ੍ਹੀ ਮਟੀਰੀਅਲ ਟੈਸਟਿੰਗ ਪਹਿਲ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ 222 ਖੇਤਰ ਵਿੱਚ ਆਪਣੀ ਕਿਸਮ ਦੀ ਸਭ ਤੋਂ ਵੱਡੀ ਪਹਿਲ ਹੈ, ਜੋ ਸਹੀ ਉਪਯੋਗ ਲਈ ਸਹੀ ਸਮੱਗਰੀ ਦੇ ਪ੍ਰਚਾਰ ਪ੍ਰਤੀ ਅਲੂਡਿਕੋਰ ਦੀ ਲੰਬੇ ਸਮੇਂ ਤੋਂ ਵਚਨਬੱਧਤਾ ਨੂੰ ਸੰਭਾਲ, ਹੋਟਲ ਅਤੇ ਰਿਹਾਇਸ਼ੀ ਇਮਾਰਤਾਂ ਦੀਆਂ ਫੈਸਾਡਾਂ ਅਤੇ ਇੰਟੀਰੀਅਰ ਲਈ ਇਸਤੇਮਾਲ ਹੁੰਦਾ ਹੈ।





ਇਹ ਮੁਹਿੰਮ ਚੰਡੀਗੜ੍ਹ ਲਈ ਖ਼ਾਸ ਮਹੱਤਵ ਰੱਖਦੀ ਹੈ, ਜੋ ਕਿ ACP ਲਈ ਇੱਕ ਤੇਜ਼ੀ ਨਾਲ ਵਧਦਾ ਅਤੇ ਮਹੱਤਵਪੂਰਨ ਬਾਜ਼ਾਰ ਹੈ। ਇੱਥੇ ਦੁਹਰਾਉਂਦੀ ਹੈ। ਇਸ ਪਹਿਲ ਦਾ ਮਕਸਦ ਮਟੀਰੀਅਲ ਟ੍ਰਾਂਸਪੇਰੈਂਸੀ ਨੂੰ ਮਜ਼ਬੂਤ ਕਰਨਾ, ਸਾਈਟ 'ਤੇ ਜ਼ਿੰਮੇਵਾਰੀ ਨੂੰ ਬਿਹਤਰ ਬਣਾਉਣਾ ਅਤੇ ਫਾਇਰ ਸੇਫਟੀ ਅਤੇ ਉਤਪਾਦ ਦੀ ਕਾਰਗੁਜ਼ਾਰੀ ਨਾਲ ਜੁੜੀਆਂ ਉਦਯੋਗਕ ਚਿੰਤਾਵਾਂ ਦਾ ਹੱਲ ਕਰਨਾ ਹੈ। ਇਹ ਸਾਰੇ ਤੱਤ ਉਦਯੋਗ ਦੇ ਵਿਕਾਸ ਅਤੇ ਫੈਬ੍ਰਿਕੇਟਰਾਂ, ਆਰਕੀਟੈਕਟਾਂ ਅਤੇ ਬਿਲਡਰਾਂ ਦੀ ਕਮਿਊਨਿਟੀ ਲਈ ਬਹੁਤ ਮਹੱਤਵਪੂਰਨ ਹਨ। ACP ਦਾ ਵਿਆਪਕ ਤੌਰ 'ਤੇ ਵਪਾਰਕ, ਸਿਹਤ ਅਲੂਡਿਕੋਰ ਨੇ ਰਿਹਾਇਸ਼ੀ, ਵਪਾਰਕ ਅਤੇ ਇੰਫਰਾਸਟ੍ਰਕਚਰ ਪ੍ਰੋਜੈਕਟਾਂ ਵਿੱਚ ਫੈਬ੍ਰਿਕੇਟਰਾਂ ਨਾਲ ਲੰਬੇ ਸਮੇਂ ਤੋਂ ਮਜ਼ਬੂਤ ਸਬੰਧ ਬਣਾਏ ਹੋਏ ਹਨ। ਜਿਵੇਂ-ਜਿਵੇਂ ਬਾਜ਼ਾਰ ਵਧ ਰਿਹਾ ਹੈ ਅਤੇ ਪ੍ਰੋਜੈਕਟ ਹੋਰ ਜਟਿਲ ਹੋ ਰਹੇ ਹਨ, ਕੰਪਨੀ ਮੰਨਦੀ ਹੈ ਕਿ ਪਾਰਦਰਸ਼ੀ ਮਟੀਰੀਅਲ ਟੈਸਟਿੰਗ ਫੈਬ੍ਰਿਕੇਟਰਾਂ, ਆਰਕੀਟੈਕਟਾਂ ਅਤੇ ਬਿਲਡਰਾਂ ਦੇ ਹਿੱਤਾਂ ਦੀ ਰੱਖਿਆ ਅਤੇ ਹੋਰ ਸੁਰੱਖਿਅਤ ਬਣੀ ਹੋਈਆਂ ਇਮਾਰਤਾਂ ਨੂੰ ਯਕੀਨੀ ਬਣਾਉਣ ਲਈ ਬਹੁਤ ਜ਼ਰੂਰੀ ਹੈ।

## ਜਨਮ ਦਿਨ ਮੁਬਾਰਕ



ਕਿਰਨਪ੍ਰੀਤ ਕੌਰ



ਵੀਰੇਨ



ਸਤਨਾਮ ਸਿੰਘ ਤੇ ਕਰਮਜੀਤ ਕੌਰ ਨੂੰ ਵਿਆਹ ਦੀਆਂ ਮੁਬਾਰਕਾਂ



ਬਲਬੀਰ ਸਿੰਘ ਤੇ ਦਲਜੀਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# 'THE BOOK OF WORLD RECORDS' ਵਿੱਚ ਪਟਿਆਲਾ ਦੇ ਸੰਜੀਵ ਨੇ ਦਰਜ ਕਰਵਾਇਆ ਨਾਮ; ਕਲਮ ਅਤੇ ਵਰਦੀ ਦਾ ਮਾਣ ਵਧਾਇਆ

ਪਟਿਆਲਾ, 7 ਫਰਵਰੀ (ਚ.ਨ.ਸ.) : ਪਟਿਆਲਾ ਦੀ ਧਰਤੀ ਦੇ ਸਪੂਤ ਅਤੇ ਸੀ.ਆਈ.ਐਸ.ਐਫ. (CISF) ਵਿੱਚ ਬਤੌਰ ਸਬ-ਇੰਸਪੈਕਟਰ ਸੇਵਾਵਾਂ ਨਿਭਾ ਰਹੇ ਸੰਜੀਵ ਜੀ ਨੇ ਆਪਣੀ ਬੇਮਿਸਾਲ ਸਾਹਿਤਕ ਪ੍ਰਤਿਭਾ ਸਦਕਾ ਅੰਤਰਰਾਸ਼ਟਰੀ ਪੱਧਰ @ਤੇ ਆਪਣੀ ਪਛਾਣ ਬਣਾਈ ਹੈ। ਹਾਲ ਹੀ ਵਿੱਚ ਭੋਪਾਲ (ਮੱਧ ਪ੍ਰਦੇਸ਼) ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਦੇ ਨਾਮ ਕਈ ਅਜਿਹੇ ਵਿਸ਼ਵ ਰਿਕਾਰਡ ਦਰਜ ਹੋਏ ਹਨ, ਜਿਨ੍ਹਾਂ ਨੇ ਹਰ ਪੰਜਾਬੀ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਵਿਸ਼ਵ ਰਿਕਾਰਡਾਂ ਦੀ ਲੜੀ (The Book of World Records) ਭੋਪਾਲ ਦੇ ਰਵਿੰਦਰ ਭਵਨ ਵਿਖੇ 29 ਅਤੇ 30 ਜਨਵਰੀ 2026 ਨੂੰ ਆਯੋਜਿਤ ਸੈਨਿਕ ਸਮ੍ਰਿਤੀ ਵਿਸ਼ਵ ਰਿਕਾਰਡ ਸਮਾਰੋਹ ਵਿੱਚ ਸੰਜੀਵ ਨੇ ਆਪਣੀ ਕਲਮ ਦਾ ਲੋਹਾ ਮਨਵਾਉਂਦਿਆਂ ਹੇਠ ਲਿਖੇ ਰਿਕਾਰਡ ਸਥਾਪਿਤ ਕੀਤੇ:

* 25 ਘੰਟੇ ਨਾਨ-ਸਟੌਪ ਕਵਿਤਾ ਪਾਠ: ਸੰਜੀਵ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਅਰੁਣਾ ਸੰਜੀਵ ਸ਼ਰਮਾ ਨੇ ਦੇਸ਼ ਭਰ ਤੋਂ ਆਏ 50 ਵਰਦੀਧਾਰੀ ਸਾਹਿਤਕਾਰਾਂ ਨਾਲ ਮਿਲ ਕੇ ਲਗਾਤਾਰ 25 ਘੰਟੇ ਵੀਰ ਰਸ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਦਾ ਪਾਠ ਕੀਤਾ। ਇਹ ਇੱਕ ਇਤਿਹਾਸਕ ਪਲ ਸੀ ਜਿਸ ਨੂੰ 'The Book of World Records' ਵਿੱਚ ਦਰਜ ਕੀਤਾ ਗਿਆ।







33 ਸਾਲਾਂ ਦੇ ਫ਼ੌਜੀ ਤਜ਼ਰਬੇ 'ਤੇ ਆਧਾਰਿਤ ਪਹਿਲੀ ਪੁਸਤਕ: ਸੰਜੀਵ ਜੀ ਦੀ ਪੁਸਤਕ ਜੈ ਹਿੰਦ ਕੀ ਪੁਕਾਰ ਨੂੰ "First Poetry Book featuring 75 Poems based on CC Years of Armed Forces Experience" ਵਜੋਂ ਵਿਸ਼ਵ ਰਿਕਾਰਡ ਦਾ ਮਾਣ ਮਿਲਿਆ ਹੈ।

**ਪਰਿਵਾਰਕ ਯੋਗਦਾਨ:** ਸ੍ਰੀਮਤੀ ਅਰੁਣਾ ਸੰਜੀਵ ਸ਼ਰਮਾ ਨੂੰ ਵੀ ਵਰਦੀਧਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਤਿਆਰ ਕੀਤੇ ਗਏ ਪਹਿਲੇ ਸਾਂਝੇ ਕਵਿਤਾ ਸੰਗ੍ਰਹਿ ਵਿੱਚ ਯੋਗਦਾਨ ਪਾਉਣ ਲਈ ਵਿਸ਼ਵ ਰਿਕਾਰਡ ਸਰਟੀਫਿਕੇਟ ਨਾਲ ਨਿਵਾਜਿਆ ਗਿਆ। ਨਵੀਂ ਪੁਸਤਕ: ਜੈ ਹਿੰਦ ਕੀ ਪੁਕਾਰ (Rigi Publication)

ਇਸ ਸਮਾਗਮ ਦੌਰਾਨ ਸੰਜੀਵ ਜੀ ਦੇ ਨਵੇਂ ਕਵਿਤਾ ਸੰਗ੍ਰਹਿ 'ਜੈ ਹਿੰਦ ਕੀ ਪੁਕਾਰ' ਦਾ ਲੋਕ ਅਰਪਣ ਵੀ ਕੀਤਾ ਗਿਆ।

**ਵਿਸ਼ਾ-ਵਸਤੂ:** ਇਹ ਪੁਸਤਕ ਭਾਰਤੀ ਸੈਨਿਕਾਂ ਦੀ ਬਹਾਦਰੀ, ਸਰਹੱਦਾਂ ਦੀ ਰਾਖੀ, ਕਿਸਾਨਾਂ ਦੀ ਮਿਹਨਤ ਅਤੇ ਭਾਰਤ ਮਾਂ ਪ੍ਰਤੀ ਅਥਾਹ ਪ੍ਰੇਮ ਨੂੰ ਸਮਰਪਿਤ ਹੈ। ਇਸ ਵਿੱਚ ਸ਼ਾਮਲ 75 ਕਵਿਤਾਵਾਂ ਪਾਠਕਾਂ ਦੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਦੀਆਂ ਹਨ।

**ਪ੍ਰਕਾਸ਼ਨ:** ਰਿਗੀ ਪਬਲੀਕੇਸ਼ਨ ਵੱਲੋਂ ਛਾਪੀ ਗਈ ਇਹ ਪੁਸਤਕ ਪੇਪਰਬੈਕ ਦੇ ਨਾਲ-ਨਾਲ ਈ-ਬੁੱਕ (eBook) ਦੇ ਰੂਪ ਵਿੱਚ ਵੀ ਉਪਲਬਧ ਹੈ, ਜਿਸ ਨੂੰ ਐਮਾਜ਼ਾਨ ਅਤੇ ਫਲਿੱਪਕਾਰਟ ਵਰਗੇ ਪਲੇਟਫਾਰਮਾਂ ਤੋਂ ਵੀ ਖਰੀਦਿਆ ਜਾ ਸਕਦਾ ਹੈ।

ਸਮਾਗਮ ਵਿੱਚ ਮੱਧ ਪ੍ਰਦੇਸ਼ ਦੇ ਸੰਸਕ੍ਰਿਤੀ, ਸੈਰ-ਸਪਾਟਾ ਅਤੇ ਧਾਰਮਿਕ ਨਿਆਸ ਮੰਤਰੀ ਸ੍ਰੀ ਧਰਮੇਂਦਰ ਸਿੰਘ ਲੋਧੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਸੰਜੀਵ ਜੀ ਨੂੰ ਵਿਸ਼ਵ ਰਿਕਾਰਡ ਦੇ ਸਰਟੀਫਿਕੇਟ, ਟਰਾਫੀ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਮੰਤਰੀ ਜੀ ਨੇ ਕਿਹਾ ਕਿ ਜਦੋਂ ਇੱਕ ਸੈਨਿਕ ਕਲਮ ਫੜਦਾ ਹੈ, ਤਾਂ ਉਹ ਦੇਸ਼ ਦੀਆਂ ਸਰਹੱਦਾਂ ਦੇ ਨਾਲ-ਨਾਲ ਦੇਸ਼ ਦੀਆਂ ਭਾਵਨਾਵਾਂ ਦੀ ਵੀ ਰਾਖੀ ਕਰਦਾ ਹੈ।

ਪਟਿਆਲਾ ਦੀ 'ਜੈ ਜਵਾਨ ਕਲੋਨੀ' ਦੇ ਰਹਿਣ ਵਾਲੇ ਸੰਜੀਵ-ਅਰੁਣਾ ਪਰਿਵਾਰ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਸ਼ਹਿਰ ਵਾਸੀਆਂ ਅਤੇ ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ। ਉਨ੍ਹਾਂ ਦੀ ਇਹ ਸਫ਼ਲਤਾ ਉਨ੍ਹਾਂ ਸਾਰੇ ਲੋਕਾਂ ਲਈ ਪ੍ਰੇਰਨਾ ਸਰੋਤ ਹੈ ਜੋ ਦੇਸ਼ ਸੇਵਾ ਦੇ ਨਾਲ-ਨਾਲ ਸਾਹਿਤਕ ਸਿਰਜਣਾ ਵਿੱਚ ਵੀ ਰੁਚੀ ਰੱਖਦੇ ਹਨ।

# ਰਾਈਡ ਇੰਡੀਆ ਐਕਸਪੋ ਦਾ ਐਗਜੀਬੀਸਨ ਮੇਲਾ ਦੂਸਰੇ ਦਿਨ ਭਰ ਜ਼ੋਬਨ 'ਤੇ

ਸਾਹਨੇਵਾਲ ਕੁਹਾੜਾ, 7 ਫਰਵਰੀ (ਕੁਲਦੀਪ ਸਿੰਘ ਕੁਹਾੜਾ): ਲੁਧਿਆਣਾ ਦਿੱਲੀ ਹਾਈਵੇਅ ਕਿਨਾਰੇ ਬਣੇ ਲੁਧਿਆਣਾ ਐਗਜੀਬੀਸਨ ਦੇ ਗਰਾਊਂਡ ਵਿੱਚ ਰਾਈਡ ਇੰਡੀਆ ਐਕਸਪੋ ਵੱਲੋਂ ਸਾਈਕਲ ਇੰਡਸਟਰੀ ਨਾਲ ਸਬੰਧਤ ਐਗਜੀਬੀਸਨ ਦੂਸਰੇ ਦਿਨ ਜੋਬਨ ਤੇ ਸੀ ਜਿਸ ਵਿੱਚ ਅਸਾਧਾਰਨ ਵਪਾਰਕ ਗਤੀ ਵੇਖੀ ਗਈ, ਕਿਉਂਕਿ ਪ੍ਰਦਰਸ਼ਨੀ ਹਾਲ ਪੂਰੇ ਖੇਤਰ ਦੇ ਡੀਲਰਾਂ, ਵਿਤਰਕਾਂ, ਪ੍ਰਚੂਨ ਵਿਕਰੇਤਾਵਾਂ ਤੇ ਗੰਭੀਰ ਵਪਾਰਕ ਖਰੀਦਦਾਰਾਂ ਨਾਲ ਸਾਰਾ ਦਿਨ ਖਚਾ ਖਚ ਭਰੇ ਰਹੇ। ਸਾਈਕਲਿੰਗ ਤੇ ਗਤੀਸ਼ੀਲਤਾ ਉਦਯੋਗ ਲਈ ਇੱਕ ਪ੍ਰਮੁੱਖ ਵਪਾਰਕ ਪਲੇਟਫਾਰਮ ਵਜੋਂ ਰਾਈਡ ਇੰਡੀਆ ਦੀ ਸਥਿਤੀ ਦੀ ਪੁਸ਼ਟੀ ਕੀਤੀ। ਇਸ ਸਮਾਗਮ ਵਿੱਚ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਫੇਰੀ ਨਾਲ ਰਾਉਂਡ ਇੰਡੀਆ ਐਕਸਪੋ ਨੂੰ ਵੱਡਾ ਹੁਲਾਰਾ ਮਿਲਿਆ, ਜਿਨ੍ਹਾਂ ਨੇ ਪ੍ਰਦਰਸ਼ਿਤ ਬ੍ਰਾਂਡਾਂ, ਨਵੀਨਤਾਵਾਂ ਤੇ ਨਵੀਨਤਮ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਲੁਧਿਆਣਾ ਵਿੱਚ ਇੱਕ ਵਿਸ਼ਵ ਪੱਧਰੀ, ਉਦਯੋਗ-ਕੇਂਦ੍ਰਿਤ ਐਕਸਪੋ ਨੂੰ ਸਫਲਤਾ ਪੂਰਵਕ ਲਿਆਉਣ ਲਈ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ ਅਤੇ ਪੰਜਾਬ ਵਿੱਚ ਨਿਰਮਾਣ, ਵਪਾਰ ਵਿਕਾਸ ਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਅਜਿਹੇ ਪਲੇਟਫਾਰਮਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ।





ਸ਼੍ਰੇਣੀਆਂ ਦੇ ਪ੍ਰਦਰਸ਼ਕਾਂ ਨੇ ਸੈਲਾਨੀਆਂ ਦੀ ਗੁਣਵੱਤਾ ਨਾਲ ਸਖ਼ਤ ਸੰਤੁਸ਼ਟੀ ਪ੍ਰਗਟ ਕੀਤੀ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਰਾਈਡ ਇੰਡੀਆ ਨੇ ਅਸਲ ਖਰੀਦਦਾਰਾਂ ਤੇ ਮੁੱਖ ਫੈਸਲਾ ਲੈਣ ਵਾਲਿਆਂ ਨੂੰ ਆਕਰਸ਼ਿਤ ਕੀਤਾ, ਜਿਸ ਨਾਲ ਅਰਥਪੂਰਨ ਵਿਚਾਰ-ਵਟਾਂਦਰੇ, ਪੁੱਛਗਿੱਛ ਅਤੇ ਆਰਡਰ ਸੰਭਾਵਨਾਵਾਂ ਪੈਦਾ ਹੋਈਆਂ। ਬਹੁਤ ਸਾਰੇ ਪ੍ਰਦਰਸ਼ਕਾਂ ਨੇ ਕਿਹਾ ਕਿ ਐਕਸਪੋ ਉਨ੍ਹਾਂ ਦੀਆਂ ਉਮੀਦਾਂ ਤੋਂ ਵੱਧ ਗਿਆ ਹੈ ਅਤੇ ਲੁਧਿਆਣਾ ਵਿੱਚ ਇੱਕ ਸੁਚੱਜੇ ਢੰਗ ਨਾਲ ਸੰਗਠਿਤ, ਕਾਰੋਬਾਰ-ਸੰਚਾਲਿਤ ਪ੍ਰਦਰਸ਼ਨੀ ਪ੍ਰਦਾਨ ਕਰਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਜਿਸਦੀ ਉਦਯੋਗ ਲੰਬੇ ਸਮੇਂ ਤੋਂ ਉਡੀਕ ਕਰ ਰਿਹਾ ਸੀ। ਭਾਰੀ ਹੁੰਗਾਰੇ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਪਦਮਸ਼੍ਰੀ ਐਸ. ਓਂਕਾਰ ਸਿੰਘ ਪਾਹਵਾ ਨੇ ਟਿੱਪਣੀ ਕੀਤੀ, ਦਿਨ 2 'ਤੇ ਸ਼ਾਨਦਾਰ ਹੁੰਗਾਰਾ ਰਾਈਡ ਇੰਡੀਆ ਵਿੱਚ ਉਦਯੋਗ ਦੁਆਰਾ ਰੱਖੇ ਗਏ ਵਿਸ਼ਵਾਸ ਨੂੰ ਦਰਸਾਉਂਦਾ ਹੈ। ਸ਼ੁਰੂ ਤੋਂ ਹੀ ਸਾਡਾ ਦ੍ਰਿਸ਼ਟੀਕੋਣ ਇੱਕ ਕੇਂਦ੍ਰਿਤ, ਨਤੀਜਾ ਮੁਖੀ ਪਲੇਟਫਾਰਮ ਬਣਾਉਣਾ ਸੀ ਜਿੱਥੇ ਪ੍ਰਦਰਸ਼ਕ ਗੰਭੀਰ ਖਰੀਦਦਾਰਾਂ ਨੂੰ ਮਿਲਦੇ ਹਨ ਤੇ ਇਹ ਦ੍ਰਿਸ਼ਟੀਕੋਣ ਸਪੱਸ਼ਟ ਤੌਰ 'ਤੇ ਪੂਰਾ ਹੋ ਰਿਹਾ ਹੈ। ਲੁਧਿਆਣਾ ਨੇ ਇੱਕ ਵਾਰ ਫਿਰ ਸਾਈਕਲਿੰਗ ਤੇ ਗਤੀਸ਼ੀਲਤਾ ਉਦਯੋਗ ਦੇ ਦਿਲ ਵਜੋਂ ਆਪਣੀ ਤਾਕਤ ਸਾਬਤ ਕੀਤੀ ਹੈ। ਅਸੀਂ ਰਾਈਡ ਇੰਡੀਆ ਨੂੰ ਸ਼ਾਨਦਾਰ ਸਫਲ ਬਣਾਉਣ ਲਈ ਸਾਰੇ ਪ੍ਰਦਰਸ਼ਕਾਂ, ਦਰਸ਼ਕਾਂ ਅਤੇ ਪਤਵੰਤਿਆਂ ਦਾ ਦਿਲੋਂ ਧੰਨਵਾਦ ਕਰਦੇ ਹਾਂ।

ਰਜਨੀਸ਼ ਧੀਮਾਨ, ਜ਼ਿਲ੍ਹਾ ਪ੍ਰਧਾਨ ਭਾਜਪਾ; ਜੀਵਨ ਗੁਪਤਾ, ਐਸ. ਹਰਸਿਮਰਨਜੀਤ ਸਿੰਘ ਲੱਕੀ, ਪ੍ਰਧਾਨ ਯੂਸੀਪੀਐਮਏ; ਗੁਰਮੀਤ ਸਿੰਘ ਕੁਲਾਰ, ਪ੍ਰਧਾਨ ਫਿਕੋ ਸਮੇਤ ਕਈ ਪ੍ਰਸਿੱਧ ਉਦਯੋਗ ਤੇ ਰਾਜਨੀਤਿਕ ਨੇਤਾਵਾਂ ਦੀ ਮੌਜੂਦਗੀ ਨਾਲ ਇਸ ਸਮਾਗਮ ਨੂੰ ਹੋਰ ਉੱਚਾ ਕੀਤਾ ਗਿਆ; ਉਨ੍ਹਾਂ ਦੀ ਭਾਗੀਦਾਰੀ ਨੇ ਇੱਕ ਭਰੋਸੇਮੰਦ ਤੇ ਪ੍ਰਭਾਵਸ਼ਾਲੀ ਉਦਯੋਗ ਪਲੇਟਫਾਰਮ ਵਜੋਂ ਰਾਈਡਇੰਡੀਆ ਦੀ ਵਧਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਪ੍ਰਦਰਸ਼ਕਾਂ ਦੇ ਮਜ਼ਬੂਤ ਵਿਸ਼ਵਾਸ, ਨਿਰੰਤਰ ਖਰੀਦਦਾਰਾਂ ਦੀ ਸ਼ਮੂਲੀਅਤ ਤੇ ਇੱਕ ਊਰਜਾਵਾਨ ਵਪਾਰਕ ਮਾਹੌਲ ਦੇ ਨਾਲ, ਰਾਈਡਇੰਡੀਆ ਐਕਸਪੋ ਸਾਈਕਲਿੰਗ ਤੇ ਗਤੀਸ਼ੀਲਤਾ ਖੇਤਰ ਲਈ ਇੱਕ ਮਹੱਤਵਪੂਰਨ ਘਟਨਾ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ। ਸੈਲਾਨੀ ਨਵੀਨਤਮ ਤਕਨਾਲੋਜੀਆਂ ਦੀ ਪੜਚੋਲ ਕਰ ਸਕਦੇ ਹਨ, ਨਿਰਮਾਤਾਵਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰ ਸਕਦੇ ਹਨ, ਤੇ ਇੱਕ ਛੱਤ ਹੇਠ ਕੀਮਤੀ ਵਪਾਰਕ ਮੌਕਿਆਂ ਨੂੰ ਅਨਲੌਕ ਕਰ ਸਕਦੇ ਹਨ।



# ਕਿਸਾਨਾਂ ਦੀ ਰਿਹਾਈ ਨੂੰ ਲੈ ਕੇ ਜਥੇਬੰਦੀਆਂ ਅਤੇ ਪੁਲਿਸ 'ਚ ਝੜੱਪ, ਸੈਂਕੜਿਆਂ ਦੀ ਗਿਣਤੀ 'ਚ ਕਿਸਾਨ ਗ੍ਰਿਫ਼ਤਾਰ

## ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਹਾਈਟੈਕ ਨਾਕਾ ਰਿਹਾ ਪੁਲਿਸ ਛਾਉਣੀ 'ਚ ਤਬਦੀਲ



ਤਪਾ ਮੰਡੀ, 7 ਫਰਵਰੀ (ਰਾਜੂ ਮਹਿਰਾ) : ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅੱਜ ਬਠਿੰਡਾ ਜੇਲ੍ਹ ਵਿਚ ਬੰਦ ਦੋ ਕਿਸਾਨ ਆਗੂਆਂ ਸ਼ਗਨਦੀਪ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਰਿਹਾਅ ਕਰਾਉਣ ਲਈ ਡੀ.ਸੀ. ਦਫ਼ਤਰ ਬਠਿੰਡਾ ਦੇ ਅੱਗੇ ਪੱਕਾ ਧਰਨਾ ਦੇਣਾ ਸੀ, ਜਿਸ ਦੇ ਸੰਬੰਧ ਵਿਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਦੀ ਅਗਵਾਈ ਵਿਚ ਇੱਕ ਵੱਡਾ ਜੱਥਾ ਬਠਿੰਡਾ ਲਈ ਜਾਣ ਲਈ ਤਪਾ ਦੇ ਬਰਨਾਲਾ ਬਠਿੰਡਾ ਮੁੱਖ ਮਾਰਗ 'ਤੇ ਤਪਾ ਵਿਖੇ ਪਹੁੰਚਿਆ। ਜਿੱਥੇ ਪਹਿਲਾਂ ਹੀ ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੀ ਅਗਵਾਈ ਹੇਠ ਪੁਲਿਸ ਵੱਲੋਂ ਕਿਸਾਨਾਂ ਨੂੰ ਅੱਗੇ ਰੋਕਣ ਲਈ ਹਾਈਟੈਕ ਨਾਕੇ ਨੂੰ ਪੁਲਿਸ ਛਾਉਣੀ 'ਚ ਤਬਦੀਲ ਕਰਕੇ ਰੱਖਿਆ ਹੋਇਆ ਸੀ ਅਤੇ ਬਕਾਇਦਾ ਬੈਰੀਕੇਡਿੰਗ ਅਤੇ ਟਰੱਕ ਲਗਾ ਕੇ ਸੜਕ ਨੂੰ ਦੋਨੋਂ ਪਾਸੇ ਸੀਲ ਕਰਕੇ ਰੱਖਿਆ ਹੋਇਆ ਸੀ। ਇਸ ਮੌਕੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਨੇ ਕਿਹਾ ਕਿ ਕਿਸਾਨ ਆਗੂਆਂ 'ਤੇ ਬਿਨਾਂ ਵਜਹ ਮਾਮਲਾ ਦਰਜ ਕੀਤਾ ਗਿਆ ਹੈ,ਉਹ ਸਾਰਾਸਰ ਝੂਠਾ ਹੈ, ਜਿਸ ਦੇ ਚਲਦਿਆਂ ਪਿਛਲੇ ਲਗਭਗ ਨੌਂ ਮਹੀਨਿਆਂ ਤੋਂ ਦੋਨੋਂ ਕਿਸਾਨ ਜੇਲ ਵਿਚ ਬੰਦ ਹਨ, ਜਿਨ੍ਹਾਂ ਦੀ ਰਿਹਾਈ ਨੂੰ ਲੈ ਕੇ ਉਹਨਾਂ ਅੱਜ ਸੈਂਕੜਿਆਂ ਦੀ ਤਾਦਾਦ 'ਚ ਬਠਿੰਡਾ ਵਿਖੇ ਕੂਚ ਕਰਨਾ ਸੀ। ਇਸ ਮੌਕੇ ਜਥੇਬੰਦੀ ਨੇ ਪ੍ਰਸ਼ਾਸਨ ਅਤੇ ਸੂਬਾ ਸਰਕਾਰ ਖਿਲਾਫ ਜੰਮ ਕੇ ਆਪਣੀ ਭੜਾਸ ਕੱਢੀ। ਕਿਸਾਨ ਜਿਉਂ ਹੀ ਬੈਰੀਕੇਡਿੰਗ ਤੋੜ ਕੇ ਅੱਗੇ ਵਧਣ ਲੱਗੇ ਤਾਂ ਉਹਨਾਂ ਦੀ ਪੁਲਿਸ ਨਾਲ ਜ਼ੋਰਦਾਰ ਝੜੱਪ ਹੋ ਗਈ, ਜਿਸ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਸੈਂਕੜੇ ਕਿਸਾਨਾਂ ਨੂੰ ਉੱਥੇ ਹੀ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਬੱਸਾਂ ਰਾਹੀਂ ਅਲੱਗ ਅਲੱਗ ਥਾਵਾਂ 'ਤੇ ਭੇਜ ਦਿੱਤਾ, ਜਦ ਕਿ ਕਾਫੀ ਕਿਸਾਨ ਅਤੇ ਕਿਸਾਨ ਔਰਤਾਂ ਬੈਰੀਕੇਡ ਤੋੜ ਕੇ ਅੱਗੇ ਵਧ ਗਏ ਸਨ, ਪਰੰਤੂ ਫਿਰ ਉਹਨਾਂ ਨੂੰ ਆਪਣੇ ਆਗੂਆਂ ਦੇ ਕਹਿਣ ਤੇ ਵਾਪਸ ਉਸੇ ਜਗ੍ਹਾ ਹੀ ਆਉਣਾ ਪਿਆ ਅਤੇ ਉੱਥੇ ਹੀ ਧਰਨਾ ਲਗਾ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਜੋ ਕਿਸਾਨ ਹਿਰਾਸਤ @ਚ ਲਏ ਗਏ ਹਨ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਥੇਬੰਦੀ ਦੀ ਜਿਲ੍ਹਾ ਆਗੂ ਬੀਬੀ ਕਮਲਜੀਤ ਕੌਰ ਨੇ ਕਿਹਾ ਕਿ ਜਿੰਨਾ ਸਮਾਂ ਉਹਨਾਂ ਦੇ ਕਿਸਾਨ ਭਰਾਵਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ,ਇਹ ਆਰ ਅਤੇ ਪਾਰ ਦੀ ਲੜਾਈ ਜਾਰੀ ਰਹੇਗੀ। ਇਸ ਮੌਕੇ ਤਹਿਸੀਲਦਾਰ ਓਂਕਾਰ ਸਿੰਘ ਤਪਾ ਅਤੇ ਪਾਵਰਕਾਮ ਦੇ ਐਸਡੀਓ ਰਾਮ ਸਿੰਘ ਡਿਊਟੀ ਮੈਜਿਸਟਰੇਟ ਵਜੋਂ ਤੈਨਾਤ ਸਨ। ਕਿਸਾਨਾਂ ਅਤੇ ਪੁਲਿਸ 'ਚ ਹੋਈ ਝੜੱਪ ਮੌਕੇ ਮਿੰਨੀ ਸਹਾਰਾ ਕਲੱਬ ਦੀ ਐਂਬੂਲੈਂਸ ਮੌਕੇ ਤੇ ਮੌਜੂਦ ਰਹੀ। ਇਸ ਦੌਰਾਨ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਵੱਲੋਂ ਖੁਦ ਕਮਾਨ ਸੰਭਾਲੀ ਹੋਈ ਸੀ।ਇਸ ਮੌਕੇ ਐਸ.ਪੀ ਅਸ਼ੋਕ ਸ਼ਰਮਾ, ਐਸ.ਪੀ ਸੋਹਣ ਲਾਲ,ਡੀਐਸਪੀ ਗੁਰਪ੍ਰੀਤ ਸਿੰਘ ਸਿੱਧੂ ਤਪਾ, ਡੀ.ਐਸ.ਪੀ ਬਲਜੀਤ ਸਿੰਘ ਢਿੱਲੋਂ, ਡੀ.ਐਸ.ਪੀ ਕੁਲਵੰਤ ਸਿੰਘ, ਡੀ.ਐਸ.ਪੀ ਜਸਪਾਲ ਸਿੰਘ ਮਹਿਲ ਕਲਾਂ, ਇੰਸਪੈਕਟਰ ਬਲਜੀਤ ਸਿੰਘ ਸੀ.ਆਈ.ਏ ਬਰਨਾਲਾ,ਥਾਣਾ ਮੁਖੀ ਸ਼ਰੀਫ ਖਾਨ, ਇੰਸਪੈਕਟਰ ਜਗਜੀਤ ਘੁਮਾਣ, ਥਾਣਾ ਸ਼ਹਿਣਾ ਦੀ ਮੁਖੀ,ਸਬ ਇੰਸਪੈਕਟਰ ਮੈਡਮ ਰੇਨੂੰ ਪਰੋਚਾ, ਥਾਣਾ ਮੁਖੀ ਇੰਸਪੈਕਟਰ ਹਰਸਿਮਰਨਜੀਤ ਸਿੰਘ ਭਦੌੜ, ਥਾਣਾ ਮੁਖੀ ਬਲਵਿੰਦਰ ਸਿੰਘ ਰੂੜੇਕੇ ਕਲਾਂ, ਥਾਣਾ ਮੁਖੀ ਲਖਵੀਰ ਸਿੰਘ ਧਨੌਲਾ, ਥਾਣਾ ਮੁਖੀ ਸਰਬਜੀਤ ਸਿੰਘ ਮਹਿਲ ਕਲਾਂ, ਥਾਣਾ ਮੁਖੀ ਲਖਵਿੰਦਰ ਸਿੰਘ ਬਰਨਾਲਾ ਸਿਟੀ-1, ਥਾਣਾ ਮੁਖੀ ਚਰਨਜੀਤ ਸਿੰਘ ਸਿਟੀ ਟੂ,ਸਬ ਇੰਸਪੈਕਟਰ ਨਿਰਮਲ ਸਿੰਘ,ਸਿਟੀ ਇੰਚਾਰਜ ਬਲਜੀਤ ਸਿੰਘ ਢਿੱਲੋਂ ਤੋਂ ਇਲਾਵਾ ਜਥੇਬੰਦੀ ਦੇ ਦਰਸ਼ਨ ਸਿੰਘ ਭੈਣੀ ਮਹਿਰਾਜ, ਸੌਦਾਗਰ ਸਿੰਘ, ਤਪਾ ਇਕਾਈ ਦੇ ਪ੍ਰਧਾਨ ਰਾਜ ਸਿੰਘ, ਜੱਗਾ ਸਿੰਘ ਅੱਜਲਾ, ਕਾਲਾ ਸਿੰਘ ਸਿੱਧੂ ਜਗਜੀਤਪੁਰਾ ਆਦਿ ਵੱਡੀ ਗਿਣਤੀ 'ਚ ਕਿਸਾਨ ਮੌਜੂਦ ਸਨ। ਖਬਰ ਲਿਖੇ ਜਾਣ ਤੱਕ ਜਥੇਬੰਦੀ ਵੱਲੋਂ ਮੁੱਖ ਮਾਰਗ ਤੇ ਧਰਨਾ ਜਾਰੀ ਸੀ। ਉਧਰ ਦੂਜੇ ਪਾਸੇ ਧਰਨੇ ਕਾਰਨ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

# ਨੈਣੇਵਾਲ ਦੇ ਸਰਪੰਚ ਦੀ ਬਰਖ਼ਾਸਤਗੀ 'ਤੇ ਹਾਈਕੋਰਟ ਨੇ ਲਗਾਈ ਰੋਕ



ਭਦੌੜ, 7 ਫਰਵਰੀ (ਸੁਖਵਿੰਦਰ ਪਲਾਹ) : ਨੈਣੇਵਾਲ ਦੇ ਸਰਪੰਚ ਗਗਨਦੀਪ ਨੂੰ ਬਰਖ਼ਾਸਤ ਕਰਨ ਦੇ ਮਾਮਲੇ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਪਿਛਲੇ ਦਿਨੀਂ ਪਿੰਡ ਨੈਣੇਵਾਲ ਦੇ ਸਰਪੰਚ ਗਗਨਦੀਪ ਸਿੰਘ ਉਰਫ਼ ਗਗਨ ਧਾਲੀਵਾਲ ਨੂੰ ਕਥਿਤ ਤੌਰ 'ਤੇ ਬਲਾਕ ਸਹਿਣਾ ਦੇ ਬੀਡੀਪੀਓ ਵੱਲੋਂ ਪਿੰਡ ਦੇ ਕੁਝ ਮਾਮਲਿਆਂ ਦੀ ਆਧਾਰ 'ਤੇ ਬਰਖ਼ਾਸਤ ਕਰਨ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ, ਜਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਖੂਬ ਚਰਚਾ ਛਿੜ ਗਈ ਸੀ। ਇਸ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਸਰਕਾਰ ਨੂੰ ਘੇਰਦਿਆਂ ਇਸ ਕਾਰਵਾਈ ਨੂੰ ਸਿਆਸੀ ਧੱਕੇਸ਼ਾਹੀ ਕਰਾਰ ਦਿੱਤਾ ਸੀ। ਜ਼ਿਕਰਯੋਗ ਹੈ ਕਿ 14 ਦਸੰਬਰ ਨੂੰ ਹੋਈਆਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਬਲਾਕ ਸ਼ਹਿਣਾ ਤੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਨੈਣੇਵਾਲ ਜੋਨ ਦੀ ਬਲਾਕ ਸੰਮਤੀ ਸੀਟਾਂ ਤੇ ਅਕਾਲੀ ਦਲ ਦੀ ਉਮੀਦਵਾਰ ਸੁਰਿੰਦਰ ਕੌਰ (ਸਰਪੰਚ ਦੀ ਮਾਤਾ) ਵੱਲੋਂ ਜਿੱਤ ਦਰਜ ਕਰਨ ਤੋਂ ਬਾਅਦ ਹੀ ਸਰਪੰਚ ਗਗਨਦੀਪ ਸਿੰਘ ਨੈਣੇਵਾਲ ਨੂੰ ਬੀਡੀਪੀਓ ਸ਼ਹਿਣਾ ਜੁਗਰਾਜ ਸਿੰਘ ਵੱਲੋਂ ਸਸਪੈਂਡ ਕਰਨ ਦੀ ਹਲਚਲ ਨੇ ਪੰਜਾਬ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਸੀ। ਅਕਾਲੀ ਦਲ ਵੱਲੋਂ ਇਸ ਨੂੰ ਸਰਕਾਰ ਦੀ ਬਦਲੇ ਦੀ ਕਾਰਵਾਈ ਕਰਾਰ ਦਿੰਦਿਆਂ ਖੁੱਲ੍ਹ ਕੇ ਵਿਰੋਧ ਕੀਤਾ ਗਿਆ ਸੀ। ਪਰੰਤੂ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਨੋਟੀਫਿਕੇਸ਼ਨ ਸਾਹਮਣੇ ਨਹੀਂ ਆਇਆ ਸੀ। ਸਰਪੰਚ ਗਗਨਦੀਪ ਸਿੰਘ ਨੈਣੇਵਾਲ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਮੌਖਿਕ ਤੌਰ 'ਤੇ ਸਸਪੈਂਡ ਕਰਨ ਦੀ ਗੱਲ ਆਖੀ ਗਈ ਸੀ ਪਰ ਜਦੋਂ ਉਨ੍ਹਾਂ ਵੱਲੋਂ ਇਸ ਸਬੰਧੀ ਲਿਖਤੀ ਨੋਟੀਫਿਕੇਸ਼ਨ ਦੀ ਮੰਗ ਕੀਤੀ ਗਈ ਤਾਂ ਕਿਸੇ ਵੀ ਅਧਿਕਾਰੀ ਵੱਲੋਂ ਕੋਈ ਅਧਿਕਾਰਤ ਹੁਕਮ ਜਾਰੀ ਨਹੀਂ ਕੀਤਾ ਗਿਆ। ਸਿਰਫ਼ ਇਹ ਕਹਿ ਕੇ ਗੱਲ ਖ਼ਤਮ ਕਰ ਦਿੱਤੀ ਗਈ ਕਿ ਤੁਹਾਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਵੱਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਦਾਇਰ ਕੀਤਾ ਗਿਆ ਸੀ। ਇਸ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਉਨ੍ਹਾਂ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਬਰਖ਼ਾਸਤਗੀ 'ਤੇ ਰੋਕ ਲਗਾ ਦਿੱਤੀ ਹੈ। ਸਰਪੰਚ ਨੇ ਕਿਹਾ ਕਿ ਇਸ ਸਬੰਧੀ ਅਦਾਲਤੀ ਹੁਕਮਾਂ ਦੀ ਕਾਪੀ ਸੋਮਵਾਰ ਤੱਕ ਮਿਲ ਜਾਣ ਦੀ ਆਸ ਹੈ ਅਤੇ ਇਸ ਮਾਮਲੇ ਵਿੱਚ ਸੱਚ ਦੀ ਜਿੱਤ ਹੋਈ ਹੈ। ਇਸ ਘਟਨਾਕ੍ਰਮ ਤੋਂ ਬਾਅਦ ਪਿੰਡ ਨੈਣੇਵਾਲ ਸਮੇਤ ਪੂਰੇ ਇਲਾਕੇ ਵਿੱਚ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਜਿੱਥੇ ਅਕਾਲੀ ਦਲ ਇਸ ਫ਼ੈਸਲੇ ਨੂੰ ਆਪਣੀ ਨੈਤਿਕ ਜਿੱਤ ਦੱਸ ਰਿਹਾ ਹੈ, ਉੱਥੇ ਹੀ ਸਰਕਾਰ ਪੱਖੋਂ ਅਜੇ ਤੱਕ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਮਾਮਲਾ ਹੁਣ ਹਾਈਕੋਰਟ ਵਿੱਚ ਹੋਣ ਕਾਰਨ ਆਉਣ ਵਾਲੇ ਦਿਨਾਂ ਵਿੱਚ ਇਸ 'ਤੇ ਹੋਰ ਵੀ ਨਵੇਂ ਖੁਲਾਸੇ ਹੋਣ ਦੀ ਸੰਭਾਵਨਾਂ ਵਧ ਗਈ ਹੈ।

# ਪਿੰਡ ਚੰਨਣਵਾਲ ਵਿੱਚ ਆਯੂਸ਼ ਡਾਕਟਰੀ ਜਾਂਚ ਕੈਂਪ ਲਗਾਇਆ



ਬਰਨਾਲਾ, 7 ਫਰਵਰੀ (ਚਮਕੌਰ ਸਿੰਘ ਗੱਗੀ) : ਡਾਇਰੈਕਟਰ ਆਯੁਰਵੈਦ ਪੰਜਾਬ ਡਾ. ਰਮਨ ਖੰਨਾ ਅਤੇ ਡਾਇਰੈਕਟਰ ਹੋਮਿਓਪੈਥੀ ਡਾ. ਹਰਿੰਦਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਅਮਨ ਕੌਸ਼ਲ ਅਤੇ ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਡਾ. ਰਜੀਵ ਜਿੰਦੀਆ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਪਰਗਟਸਰ ਸਾਹਿਬ ਚੰਨਣਵਾਲ ਵਿਖੇ ਅਯੂਸ਼ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਆਗਾਜ਼ ਸਰਪੰਚ ਸ੍ਰੀਮਤੀ ਕੁਲਵਿੰਦਰ ਕੌਰ, ਸਮੂਹ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ। ਇਸ ਕੈਂਪ ਵਿੱਚ ਸ਼ੂਗਰ, ਚਮੜੀ ਰੋਗ, ਜੋੜਾਂ ਦਾ ਦਰਦ, ਇਸਤਰੀ ਰੋਗ, ਪੇਟ ਸਬੰਧੀ ਸਮੱਸਿਆਵਾਂ ਅਤੇ ਮੌਸਮ ਸਬੰਧੀ ਰੋਗਾਂ ਦਾ ਇਲਾਜ ਕੀਤਾ ਗਿਆ। ਇਸ ਕੈਂਪ ਦੌਰਾਨ ਆਯੁਰਵੈਦ ਵਿਭਾਗ ਵੱਲੋਂ 340 ਅਤੇ ਹੋਮਿਓਪੈਥਿਕ ਵਿਭਾਗ ਵੱਲੋਂ 221 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਆਯੁਰਵੈਦਿਕ ਵਿਭਾਗ ਵੱਲੋਂ ਡਾ. ਅਮਨਦੀਪ ਸਿੰਘ (ਨੋਡਲ ਅਫ਼ਸਰ), ਡਾ. ਹਰਜੋਤ ਕੁਮਾਰ ਸ਼ਰਮਾ, ਡਾ. ਸਵਿੰਦਰਜੀਤ ਸਿੰਘ ਅਤੇ ਡਾ. ਪੂਨਮ ਰਾਣੀ (ਏ.ਐਮ.ਓਜ਼) ਵੱਲੋਂ ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ। ਉਪਵੈਦ ਨਵਰਾਜ ਸਿੰਘ, ਸੁਖਵਿੰਦਰ ਸਿੰਘ ਅਤੇ ਸਰਬਜੀਤ ਕੌਰ ਨੇ ਮਰੀਜ਼ਾਂ ਨੂੰ ਆਯੁਰਵੈਦਿਕ ਦਵਾਈਆਂ ਵੰਡੀਆਂ। ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਕਮਲਜੀਤ ਕੌਰ ਭੰਗੂ (ਐਚ.ਐਮ.ਓ) ਨੇ ਮਰੀਜ਼ਾਂ ਦਾ ਨਿਰੀਖਣ ਕੀਤਾ ਅਤੇ ਹੋਮਿਓਪੈਥਿਕ ਡਿਸਪੈਂਸਰ ਗੁਰਚਰਨ ਸਿੰਘ ਨੇ ਮਰੀਜ਼ਾਂ ਨੂੰ ਹੋਮਿਓਪੈਥਿਕ ਦਵਾਈਆਂ ਵੰਡੀਆਂ। ਇਸ ਮੌਕੇ ਪੰਚ ਗੁਰਜੰਟ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਚੰਨਣਵਾਲ ਵੱਲੋਂ ਮੈਡੀਕਲ ਟੀਮਾਂ ਦਾ ਧੰਨਵਾਦ ਕੀਤਾ ਗਿਆ।

# 17ਵੀਂ ਸੀਨੀਅਰ ਸਟੇਟ ਨੈੱਟਬਾਲ ਚੈਂਪੀਅਨਸ਼ਿਪ ਦੀ ਸ਼ੁਰੂਆਤ

ਬਰਨਾਲਾ, 7 ਫਰਵਰੀ (ਬਘੇਲ ਸਿੰਘ ਧਾਲੀਵਾਲ) : 17ਵੀਂ ਸੀਨੀਅਰ ਸਟੇਟ ਨੈੱਟਬਾਲ ਚੈਂਪੀਅਨਸ਼ਿਪ (ਮਰਦ/ਔਰਤਾਂ) ਸਥਾਨਕ ਐੱਸ ਡੀ ਕਾਲਜ ਵਿਖੇ ਅੱਜ ਆਰੰਭ ਹੋ ਗਈ ਹੈ। ਐੱਸ ਡੀ ਕਾਲਜ ਦੇ 70ਵੇਂ ਵਰ੍ਹੇ ਨੂੰ ਸਮਰਪਿਤ ਪੰਜਾਬ ਨੈੱਟਬਾਲ ਐਸੋਸੀਏਸ਼ਨ ਵੱਲੋਂ ਆਯੋਜਿਤ ਇਹਨਾਂ ਦੋ ਰੋਜ਼ਾ ਮੁਕਾਬਲਿਆਂ ਦਾ ਸ਼ੁਭ ਆਰੰਭ ਐਸੋਸੀਏਸ਼ਨ ਦੇ ਸਰਪ੍ਰਸਤ ਸ੍ਰੀ ਜਤਿੰਦਰ ਨਾਥ ਸ਼ਰਮਾ ਨੇ ਕੀਤਾ। ਉਹਨਾਂ ਇਸ ਮੌਕੇ ਕਿਹਾ ਕਿ ਇਸੇ ਗਰਾਊਂਡ ਤੋਂ ਟ੍ਰੇਨਿੰਗ ਲੈ ਕੇ ਅਨੇਕਾਂ ਵਿਦਿਆਰਥੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਚੁੱਕੇ ਹਨ ਅਤੇ ਇਸ ਖੇਡ ਦੀ ਬਦੌਲਤ ਸੈਂਕੜੇ ਨੌਜਵਾਨ ਵੱਖ-ਵੱਖ ਸਰਕਾਰੀ ਅਤੇ ਅਰਧ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਕਰ ਰਹੇ ਹਨ। ਵਿਸ਼ੇਸ਼ ਮਹਿਮਾਨ ਜ਼ਿਲ੍ਹਾ ਨੈੱਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਜਸਵਿੰਦਰ ਢੀਂਡਸਾ ਨੇ ਵੀ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਬੰਧਕੀ ਸਕੱਤਰ ਪ੍ਰੋ. ਬਲਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿਚ ਮਰਦਾਂ ਅਤੇ ਔਰਤਾਂ ਦੇ ਵਰਗ ਵਿਚ 14 ਜ਼ਿਲ੍ਹਿਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਮੌਕੇ ਐੱਸ ਡੀ ਕਾਲਜ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸ੍ਰੀ ਨਰੇਸ਼ ਸਿੰਗਲਾ, ਉਪ ਪ੍ਰਧਾਨ ਸ੍ਰੀ ਰਾਹੁਲ ਅੱਤਰੀ, ਡਾਇਰੈਕਟਰ ਸ੍ਰੀ ਹਰਦਿਆਲ ਸਿੰਘ ਅੱਤਰੀ, ਪ੍ਰਿੰਸੀਪਲ ਡਾ. ਤਪਨ ਕੁਮਾਰ ਸਾਹੂ, ਪ੍ਰਿੰਸੀਪਲ ਡਾ. ਵਿਜੈ ਕੁਮਾਰ, ਵਾਈਸ ਪ੍ਰਿੰਸੀਪਲ ਪ੍ਰੋ. ਅਸ਼ਵਨੀ ਸੀਕਰੀ, ਕੋਚ ਸੁਖਪਾਲ ਸਿੰਘ, ਗੁਰਮੇਲ ਸਿੰਘ, ਰਾਜਪਾਲ ਸਿੰਘ, ਰਮਨਦੀਪ ਸਿੰਗਲਾ, ਮੁਕੇਸ਼ ਕੁਮਾਰ, ਪ੍ਰੋ. ਬਹਾਦਰ ਸਿੰਘ, ਪ੍ਰੋ. ਜਸਵਿੰਦਰ ਕੌਰ, ਅਮਨਦੀਪ ਕੌਰ, ਅਰਵਿੰਦਰ ਕੁਮਾਰ, ਕਮਲਜੀਤ ਕੌਰ, ਜਗਨੰਦਨ ਬਰਾੜ, ਪ੍ਰਦੀਪ ਕੁਮਾਰ, ਦੀਪਕ ਸ਼ਰਮਾ, ਸ਼ੌਰਿਆ ਨਾਥ, ਮਨੋਜ ਕੁਮਾਰ, ਇੰਦਰਜੀਤ ਸਿੰਘ ਆਦਿ ਸਮੇਤ ਸੰਸਥਾ ਦਾ ਸਮੂਹ ਸਟਾਫ਼ ਹਾਜ਼ਰ ਸਨ।

# ਦਿਵਿਆਂਗਾਂ ਲਈ ਰਜਿਸਟ੍ਰੇਸ਼ਨ ਕੈਂਪ ਦੌਰਾਨ 275 ਲੋੜਵੰਦਾਂ ਦੀ ਕੀਤੀ ਰਜਿਸਟ੍ਰੇਸ਼ਨ




ਬਰਨਾਲਾ, 7 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਨੇਕੀ ਫਾਉਂਡੇਸ਼ਨ ਬੁਢਲਾਡਾ ਵੱਲੋਂ ਸ਼੍ਰੀ ਬਾਲਾ ਜੀ ਟਰੱਸਟ (ਰਜਿ.) ਬਰਨਾਲਾ ਦੇ ਸਹਿਯੋਗ ਨਾਲ ਦਿਵਿਆਂਗ ਵਿਅਕਤੀਆਂ ਲਈ ਇਕ ਮਹੱਤਵਪੂਰਨ ਰਜਿਸਟ੍ਰੇਸ਼ਨ ਕੈਂਪ ਸ਼ਾਂਤੀ ਹਾਲ ਰਾਮ ਬਾਗ ਬਰਨਾਲਾ ਵਿਖੇ ਲਗਾਇਆ ਗਿਆ। ਇਹ ਕੈਂਪ ਅੱਜ ਮਿਤੀ 7 ਫਰਵਰੀ 2026, ਦਿਨ ਸ਼ਨੀਵਾਰ, ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਚੱਲਿਆ, ਜਿਸ ਦੌਰਾਨ ਇਸ ਕੈਂਪ ਵਿੱਚ ਦਿਵਿਆਂਗ ਭਰਾਵਾਂ ਅਤੇ ਭੈਣਾਂ ਲਈ ਵ੍ਹੀਲਚੇਅਰ, ਟਰਾਈਸਾਈਕਲ, ਨਕਲੀ ਅੰਗ, ਸੁਣਨ ਵਾਲੀਆਂ ਮਸ਼ੀਨਾਂ, ਛੜੀਆਂ ਅਤੇ ਹੋਰ ਸਹਾਇਕ ਉਪਕਰਣ ਪ੍ਰਦਾਨ ਕਰਨ ਲਈ 275 ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ। ਲੋੜਵੰਦਾਂ ਨੂੰ ਨਕਲੀ ਅੰਗ ਅਤੇ ਹੋਰ ਸਹਾਇਕ ਉਪਕਰਣ ਕੁੱਝ ਦਿਨਾਂ ਚ ਹੀ ਮੁਹੱਈਆ ਕਰਵਾ ਦਿੱਤੇ ਜਾਣਗੇ। ਇਹ ਉਪਰਾਲਾ ਸਰਕਾਰ ਦੀ ਏ ਡੀ ਆਈ ਪੀ ਅਤੇ ਆਰ ਵੀ ਵਾਈ ਯੋਜਨਾ ਤਹਿਤ ਕੀਤਾ ਜਾ ਰਿਹਾ ਹੈ, ਜਿਸ ਨਾਲ ਦਿਵਿਆਂਗ ਜਨਾਂ ਨੂੰ ਆਪਣੀ ਜ਼ਿੰਦਗੀ ਹੋਰ ਸੌਖੀ ਬਣਾਉਣ ਵਿੱਚ ਮਦਦ ਮਿਲੇਗੀ। ਇਸ ਮੌਕੇ ਸਿਵਲ ਹਸਪਤਾਲ ਬਠਿੰਡਾ ਤੋਂ ਡਾਕਟਰ ਗੌਤਮ ਪਾਂਡੇ ਪ੍ਰੋਸਥੇਟਿਸਟ ਅਤੇ ਆਰਥੋਟਿਸਟ ਟੀਮ ਇੰਚਾਰਜ, ਰਵੀ ਸ਼ਰਮਾ ਟੈਕਨੀਸ਼ੀਅਨ,ਵਿਨੇ ਸ਼ਰਮਾ ਆਸਪਾ ਇੰਚਾਰਜ, ਰੇਖਾ ਅਤੇ ਸੋਨੀਆ ਡੈਟਾ ਉਪਰੇਟਰ ਦੀ ਟੀਮ ਨੇ ਲੋੜਵੰਦ ਲੋਕਾਂ ਦਾ ਚੈੱਕ ਅੱਪ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਅਚਾਰੀਆ ਸੁਆਮੀ ਸਿਰੀ ਨਿਵਾਸ ਲਕਸ਼ਮੀ ਨਾਰਾਇਣ ਮੰਦਰ ਵਾਲੇ ਅਤੇ ਹਰਬਖ਼ਸ਼ੀਸ਼ ਸਿੰਘ ਗੋਨੀ ਐਮ ਸੀ, ਇਸ ਦੌਰਾਨ ਸ਼੍ਰੀ ਬਾਲਾ ਜੀ ਟਰੱਸਟ ਦੇ ਪ੍ਰਧਾਨ ਗਿਆਨ ਚੰਦ ਉੱਪਲੀ, ਅਮਰਜੀਤ ਕਾਲੇਕੇ, ਡਾਕਟਰ ਸਤੀਸ਼ ਕੁਮਾਰ ਡੈਂਟਿਸਟ, ਅਸ਼ਵਨੀ ਕੁਮਾਰ, ਰਾਜਿੰਦਰ ਗੋਇਲ, ਵਨੀਤ ਕੁਮਾਰ, ਪ੍ਰੇਮ ਚੰਦ ਹੇੜੀਕੇ, ਮੁਨੀਸ਼, ਨਵੀਨ, ਸੰਜੀਵ ਢੰਡ, ਅਮਨਦੀਪ, ਸਤੀਸ਼ ਕੁਮਾਰ, ਵਿਕਾਸ ਸਿੰਗਲਾ, ਯਸ਼ਪਾਲ, ਕੁਲਦੀਪ ਅਰੋੜਾ ਆਦਿ ਹਾਜ਼ਰ ਸਨ। ਇਸ ਤੋਂ ਇਲਾਵਾ ਰਾਜੇਸ਼ ਭੂਟਾਨੀ, ਸਮਾਜ ਸੇਵੀ ਬਲਜੀਤ ਕੌਰ ਪ੍ਰਧਾਨ ਮਹਿਲਾ ਵਿੰਗ ਆਪ ਅਤੇ ਸਮਾਜ ਸੇਵੀ ਬਲਵਿੰਦਰ ਕੌਰ ਆਦਿ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਅਮਲਾ ਸਿੰਘ ਵਾਲਾ ਵਿੱਚ ਮਾਪੇ ਵਰਕਸ਼ਾਪ



ਬਰਨਾਲਾ, 7 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : : ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਇੰਦੂ ਸਿਮਕ ਦੀ ਅਗਵਾਈ ਹੇਠ ਅੱਜ ਮਿਤੀ 7 ਫਰਵਰੀ 2026 (ਸ਼ਨੀਵਾਰ) ਨੂੰ ਸਰਕਾਰੀ ਪ੍ਰਾਇਮਰੀ ਸਕੂਲ ਅਮਲਾ ਸਿੰਘ ਵਾਲਾ ਵਿੱਚਪ੍ਰੀਖਿਆ ਦੀ ਤਿਆਰੀ ਅਤੇ ਸਾਂਝੀ ਜ਼ਿੰਮੇਵਾਰੀ ਵਿਸ਼ੇ 'ਤੇ ਮਾਪਿਆਂ ਦੀ ਵਰਕਸ਼ਾਪ ਸਫਲਤਾਪੂਰਵਕ ਕਰਵਾਈ ਗਈ।ਵਰਕਸ਼ਾਪ ਦੌਰਾਨ ਕੁਲਦੀਪ ਸਿੰਘ ਭੁੱਲਰ (ਡੀ.ਆਰ.ਸੀ.) ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਮੋਬਾਇਲ ਫ਼ੋਨ ਦੀ ਅਤਿ ਵਰਤੋਂ ਕਾਰਨ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤਿਆਂ ਵਿੱਚ ਦੂਰੀ ਵਧ ਰਹੀ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਮੋਬਾਇਲ ਫ਼ੋਨ ਤੋਂ ਦੂਰੀ ਬਣਾਕੇ ਹੀ ਬੱਚਿਆਂ ਨਾਲ ਸਹੀ ਸਾਂਝ ਬਣ ਸਕਦੀ ਹੈ, ਜਿਸ ਨਾਲ ਬੱਚਿਆਂ ਦੀ ਮਨੋਵਿਗਿਆਨਕ ਸਮਝ, ਆਤਮ-ਵਿਸ਼ਵਾਸ ਅਤੇ ਪੜ੍ਹਾਈ ਵਿੱਚ ਰੁਚੀ ਵਧਦੀ ਹੈ। ਇਸੇ ਦੌਰਾਨ ਕਮਲਦੀਪ (ਬੀ.ਐਮ.) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੇ ਘਰ ਵਿੱਚ ਪੜ੍ਹਾਈ ਲਈ ਅਨੁਕੂਲ ਅਤੇ ਸੁਖਦਾਈ ਮਾਹੌਲ ਤਿਆਰ ਕੀਤਾ ਜਾਵੇ ਤਾਂ ਬੱਚਿਆਂ ਦਾ ਭਵਿੱਖ ਉੱਜਵਲ ਬਣ ਸਕਦਾ ਹੈ। ਉਨ੍ਹਾਂ ਨੇ ਮਾਪਿਆਂ ਨੂੰ ਬੱਚਿਆਂ ਦੀ ਨਿਯਮਿਤ ਦੇਖਭਾਲ ਅਤੇ ਪ੍ਰੇਰਣਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਕੂਲ ਮੁੱਖੀ ਨਰਿੰਦਰ ਕੁਮਾਰ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਾਪਿਆਂ ਨੂੰ ਘੱਟੋ-ਘੱਟ ਦੋ ਘੰਟੇ ਰੋਜ਼ਾਨਾ ਮੋਬਾਇਲ ਫ਼ੋਨ ਤੋਂ ਦੂਰ ਰਹਿ ਕੇ ਬੱਚਿਆਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ ਅਤੇ ਘਰ ਵਿੱਚ ਸਿੱਖਿਆ ਲਈ ਸੁਖਦਾਈ ਮਾਹੌਲ ਬਣਾਉਣਾ ਚਾਹੀਦਾ ਹੈ। ਵਰਕਸ਼ਾਪ ਦੌਰਾਨ ਮਾਪਿਆਂ ਵੱਲੋਂ ਉਤਸ਼ਾਹਪੂਰਵਕ ਭਾਗ ਲਿਆ ਗਿਆ ਅਤੇ ਇਸ ਤਰ੍ਹਾਂ ਦੀਆਂ ਜਾਗਰੂਕਤਾ ਗਤਿਵਿਧੀਆਂ ਨੂੰ ਬੱਚਿਆਂ ਦੇ ਭਵਿੱਖ ਲਈ ਬਹੁਤ ਲਾਭਦਾਇਕ ਦੱਸਿਆ ਗਿਆ।

# ਮਹਾਂਸ਼ਿਵਰਾਤਰੀ ਲਈ ਰਾਸ਼ਨ ਸਮੱਗਰੀ ਦਾ ਟਰੱਕ ਰਵਾਨਾ



ਤਪਾ ਮੰਡੀ,7 ਫਰਵਰੀ (ਰਾਜੂ ਮਹਿਰਾ) : ਬਾਬਾ ਬੰਸੀ ਵਾਲਿਆਂ ਦੀ ਅਪਾਰ ਕ੍ਰਿਪਾ ਸਦਕਾ ਮਹਾਂ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਸ੍ਰੀ ਮਹਾਂਕਾਂਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਮਹਾਂਦੇਵ ਕਾਂਵੜ ਸੰਘ ਤਪਾ ਵਲੋਂ ਸਰਸਵਤੀ ਵਿੱਦਿਆ ਮੰਦਰ ਇਮਲੀ ਖੇੜਾ ਰੋਡ ਭਗਵਾਨਪੁਰਾ (ਹਰਿਦੁਆਰ ਤੋਂ 40 ਕਿੱਲੋਮੀਟਰ ਪਹਿਲਾ) ਵਿਖੇ 25ਵਾਂ ਵਿਸ਼ਾਲ ਭੰਡਾਰਾ ਲਗਾਇਆ ਜਾ ਰਿਹਾ ਹੈ। ਇਸ ਰਾਸ਼ਨ ਸਮੱਗਰੀ ਦੇ ਟਰੱਕ ਨੂੰ ਮਹਾਂਕਾਂਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ, ਸਮਾਜ ਸੇਵੀ ਮੁਨੀਸ਼ ਕੁਮਾਰ ਮਿੱਤਲ, ਸੁਸ਼ੀਲ ਕੁਮਾਰ ਸੰਤਾ ਅਤੇ ਰਘਵੀਰ ਚੰਦ ਅਗਰਵਾਲ ਵਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਭੰਡਾਰਾ ਰਵਾਨਾ ਕਰਨ ਤੋਂ ਪਹਿਲਾਂ ਸਮੂਹ ਸ਼ਿਵ ਭਗਤਾਂ ਨੇ ਬਾਬਾ ਮੱਠ ਵਿਖੇ ਮੱਥਾ ਟੇਕਿਆ ਅਤੇ ਇਸ ਤੋਂ ਬਾਅਦ ਬਮ-ਬਮ ਭੋਲੇ ਦੇ ਜੈਕਾਰਿਆਂ ਨਾਲ ਟਰੱਕ ਰਵਾਨਾ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਿਵ ਭਗਤਾਂ ਨੇ ਦੱਸਿਆ ਕਿ ਭੰਡਾਰੇ ਦੌਰਾਨ ਕਾਂਵੜੀਆਂ ਲਈ ਹਰ ਤਰ੍ਹਾਂ ਦੀ ਮੈਡੀਕਲ ਸਹੂਲਤ, ਰਿਫ਼ਲੈਕਟਰ ਜੈਕਟਾਂ, ਰੈਣ ਬਸੇਰਾ ਆਦਿ ਤੋਂ ਇਲਾਵਾ ਹੋਰ ਵੱਖ-ਵੱਖ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਮੌਕੇ ਕਾਂਵੜੀਆਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਇਹ ਭੰਡਾਰਾ 6 ਫਰਵਰੀ ਤੋਂ 13 ਫਰਵਰੀ ਤੱਕ ਲਗਾਇਆ ਜਾਵੇਗਾ। ਇਸ ਮੌਕੇ ਕਾਂਵੜ ਸੰਘ ਦੇ ਅਨੀਸ਼ ਮੌੜ, ਨਰੇਸ਼ ਕੁਮਾਰ ਨੇਸ਼, ਮੰਗੂ ਮੌੜ, ਰਾਕੇਸ਼ ਕੁਮਾਰ ਨਿੱਕਾ, ਰੋਹਿਤ ਮਿੱਤਲ, ਸੰਗਮ ਬਾਂਸਲ, ਟੀਟੂ ਦੀਕਸ਼ਿਤ, ਰੂਬੀ, ਪੰਕਜ ਮੌੜ,ਪ੍ਰਵੀਨ ਘੁੰਨਸ, ਨਵੀਨ ਕੁਮਾਰ, ਬੰਟੀ ਮੌੜ, ਰਵੀ ਮੌੜ, ਸ਼ੰਟੀ ਮਾਸਟਰ, ਕਰਨ ਸੁਨਾਮੀਆ, ਮਹਿਮਾ ਚੱਠਾ,ਮੋਨੂੰ ਮੌੜ,ਸੁਨੀਲ ਤਾਜੋ, ਰਿੰਪੀ ਡਾਲਾ, ਆਸ਼ੂ, ਦੀਪਾ, ਰੰਗੀ,ਨੀਨਾ, ਅਸ਼ੀਸ਼ ਆਦਿ ਵੱਡੀ ਗਿਣਤੀ @ਚ ਸ਼ਰਧਾਲੂ ਹਾਜ਼ਰ ਸਨ।

# ਕੋਪਲ ਕੰਪਨੀ ਵੱਲੋਂ ਥਾਈਲੈਂਡ ਵਿੱਚ ਡਿਸਟ੍ਰੀਬਿਊਟਰ ਮੀਟਿੰਗ



ਬਰਨਾਲਾ, 7 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਕੀੜੇਮਾਰ ਦਵਾਈਆਂ ਦੇ ਖੇਤਰ ਵਿੱਚ ਮੋਹਰੀ ਕੰਪਨੀ 'ਕੋਪਲ' ਵੱਲੋਂ ਬੀਤੇ ਦਿਨੀਂ ਆਪਣੇ ਸੁਪਰ ਡਿਸਟ੍ਰੀਬਿਊਟਰਾਂ ਲਈ ਵਿਦੇਸ਼ੀ ਧਰਤੀ ਥਾਈਲੈਂਡ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ। ਇਸ ਦੌਰੇ ਦੌਰਾਨ ਜਿੱਥੇ ਡਿਸਟ੍ਰੀਬਿਊਟਰਾਂ ਨੇ ਥਾਈਲੈਂਡ ਦੇ ਵੱਖ-ਵੱਖ ਸ਼ਹਿਰਾਂ ਦਾ ਅਨੰਦ ਮਾਣਿਆ, ਉੱਥੇ ਹੀ ਕੰਪਨੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਲਾਂਚ ਕੀਤੇ ਜਾਣ ਵਾਲੇ ਨਵੇਂ ਉਤਪਾਦਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਕੰਪਨੀ ਦੇ ਡਾਇਰੈਕਟਰ (ਮਾਰਕੇਟਿੰਗ) ਸ਼੍ਰੀ ਹਰਜੀਤ ਸਿੰਘ ਢਿੱਲੋਂ ਨੇ ਸਭ ਦਾ ਸਵਾਗਤ ਕਰਦਿਆਂ ਦੱਸਿਆ ਕਿ ਕੰਪਨੀ ਆਪਣੇ ਡਿਸਟ੍ਰੀਬਿਊਟਰਾ ਨੂੰ ਹਰ ਸਾਲ ਅਲੱਗ ਅਲੱਗ ਵਿਦੇਸ਼ਾ ਵਿੱਚ ਲੈ ਕੇ ਜਾਂਦੀ ਹੈ। ਇਸ ਦਾ ਸਿੱਧਾ ਮਤਲਬ ਕੰਪਨੀ ਅਤੇ ਡੀਲਰ ਦਾ ਆਪਸੀ ਤਾਲਮੇਲ ਹੋਰ ਜ਼ਿਆਦਾ ਮਜ਼ਬੂਤ ਕਰਨਾ ਹੈ। ਕੰਪਨੀ ਦੇ ਐਮ ਡੀ ਸੰਜੀਵ ਬਾਂਸਲ ਨੇ ਭਵਿੱਖ ਦੇ ਵਿਚ ਆ ਰਹੇ ਨਵੇ ਉਤਪਾਦਾਂ ਦੀ ਜਾਣਕਾਰੀ ਸਾਂਝੀ ਕੀਤੀ ਅਤੇ ਅਗਲੇ ਸਾਲ ਕਿਸੇ ਹੋਰ ਦੇਸ਼ ਇਹ ਮੀਟਿੰਗ ਕਰਨ ਦਾ ਵਾਅਦਾ ਕੀਤਾ ਗਿਆ। ਇਸ ਸਾਰੇ ਟੂਰ ਨੂੰ ਪੰਜਾਬ ਦੇ ਖੰਨਾ ਤੋਂ ਗਏ ਹੋਏ ਸ੍ਰੀ ਸੰਜੂ ਬੱਤਾ ਦੀ ਟਰੈਵਲ ਕੰਪਨੀ ਬਿਗ ਡੈਡੀ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਇਸ ਟੂਰ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਇਹ ਟੂਰ ਕੋਪਲ ਲਈ ਖਾਸ ਤੌਰ ਤੇ ਡਿਜ਼ਾਇਨ ਕੀਤਾ ਗਿਆ ਸੀ ਜਿਸ ਦਾ ਡਿਸਟ੍ਰੀਬਿਊਟਰਾ ਨੇ ਭਰਪੂਰ ਆਨੰਦ ਲਿਆ ਅਤੇ ਬਿਗ ਡੈਡੀ ਕੰਪਨੀ ਦੀ ਸਰਾਹਨਾ ਕੀਤੀ ਗਈ। ਅੰਤ ਵਿੱਚ ਕੰਪਨੀ ਸੀਨੀਅਰ ਮੈਨੇਜਰ (ਮਾਰਕੇਟਿੰਗ) ਜਨਾਬ ਮੁਹੰਮਦ ਨਸੀਰ ਨੇ ਸਾਰੇ ਆਏ ਹੋਏ ਡਿਸਟ੍ਰੀਬਿਊਟਰਾਂ ਅਤੇ ਬਿਗ ਡੈਡੀ ਟੀਮ ਦੇ ਸੰਜੂ ਬੱਤਾ ਅਤੇ ਅਰਮਾਨ ਆਹੂਜਾ ਦਾ ਧੰਨਵਾਦ ਕੀਤਾ ਗਿਆ।

# ਸਾਹਿਤਕ ਸਮਾਗਮ ਅੱਜ

ਬਰਨਾਲਾ, 7 ਫਰਵਰੀ (ਬਘੇਲ ਸਿੰਘ ਧਾਲੀਵਾਲ) : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਹੰਢਿਆਇਆ ਰੋਡ ਬਰਨਾਲਾ ਵਿਖੇ ਮਿਤੀ ਅੱਠ ਫਰਵਰੀ ਦਿਨ ਐਤਵਾਰ ਸਵੇਰੇ 11 ਵਜੇ ਕਰਵਾਇਆ ਜਾ ਰਿਹਾ ਹੈ ।ਜਾਣਕਾਰੀ ਦਿੰਦਿਆਂ ਡਾ ਅਮਨਦੀਪ ਸਿੰਘ ਟੱਲੇਵਾਲੀਆ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸਤਵੰਤ ਕੌਰ ਪੰਧੇਰ ਦੇ ਕਾਵਿ ਸੰਗ੍ਰਹਿ ਕਾਦਰ ਦੀ ਕੁਦਰਤ ,ਜਗਜੀਤ ਸਿੰਘ ਵਜੀਦਕੇ ਦੇ ਗਜ਼ਲ ਸੰਗ੍ਰਹਿ ਸੁਲਗ਼ਦੇ ਪੰਨੇ ਅਤੇ ਵਿਚਾਰ ਸੰਗ੍ਰਹਿ ਰੌਸ਼ਨੀਆਂ ਦੀ ਦਸਤਕ ,ਬਿੰਨੀ ਬਰਨਾਲਵੀ ਦੇ ਕਾਵਿ ਸੰਗ੍ਰਹਿ ਬੇਗਾਨੀ ਚੱਕੀ ਦਾ ਲੋਕ ਅਰਪਣ ਕੀਤਾ ਜਾਵੇਗਾ ।ਇਹਨਾਂ ਪੁਸਤਕਾਂ ਉੱਤੇ ਬੂਟਾ ਸਿੰਘ ਚੌਹਾਨ ਤੇਜਾ ਸਿੰਘ ਤਿਲਕ ਭੋਲਾ ਸਿੰਘ ਸੰਘੇੜਾ ਡਾ ਸੰਪੂਰਨ ਸਿੰਘ ਟੱਲੇਵਾਲੀਆ ਦਰਸ਼ਨ ਸਿੰਘ ਗੁਰੂ ਡਾ ਰਾਮਪਾਲ ਸਿੰਘ ਸ਼ਾਹਪੁਰੀ ਅਤੇ ਡਾ. ਭੁਪਿੰਦਰ ਸਿੰਘ ਬੇਦੀ ਆਪਣੇ ਵਿਚਾਰ ਪੇਸ਼ ਕਰਨਗੇ ਉਪਰੰਤ ਕਵੀ ਦਰਬਾਰ ਹੋਵੇਗਾ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਦੇ ਛੋਟੇ ਸਿਤਾਰਿਆਂ ਨੇ ਇੰਗਲਿਸ਼ ਓਲੰਪੀਆਡ ਵਿੱਚ ਇਤਿਹਾਸ ਰਚਿਆ




ਬਰਨਾਲਾ, 7 ਫਰਵਰੀ (ਇਸੇਨ ਕੰਗ) : ਸਿੱਖਿਆ ਦੇ ਖੇਤਰ ਵਿੱਚ ਉੱਤਮਤਾ ਵੱਲ ਲਗਾਤਾਰ ਯਤਨਸ਼ੀਲ ਬੀਵੀਐਮ ਇੰਟਰਨੈਸ਼ਨਲ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਗੁਣਵੱਤਾ ਅਤੇ ਨਵੀਨਤਾਕਾਰੀ ਅਧਿਆਪਨ ਵਿਧੀ ਨੂੰ ਸਾਬਤ ਕੀਤਾ ਹੈ। ਸਕੂਲ ਦੇ ਛੋਟੇ ਵਿਦਿਆਰਥੀਆਂ ਨੇ ਸਿਲਵਰ ਜ਼ੋਨ ਫਾਊਂਡੇਸ਼ਨ ਵੱਲੋਂ ਆਯੋਜਿਤ 'ਲਿਟਲ ਸਟਾਰਸ ਇੰਗਲਿਸ਼ ਓਲੰਪੀਆਡ' ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤ ਕੇ ਸਕੂਲ, ਮਾਪਿਆਂ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਵੱਕਾਰੀ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਨਰਸਰੀ, ਐਲਕੇਜੀ ਅਤੇ ਯੂਕੇਜੀ ਕਲਾਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇੰਨੀ ਛੋਟੀ ਉਮਰ ਵਿੱਚ ਬੱਚਿਆਂ ਵੱਲੋਂ ਅੰਗਰੇਜ਼ੀ ਵਿੱਚ ਦਿਖਾਈ ਗਈ ਸ਼ਬਦਾਵਲੀ, ਸਮਝ, ਵਿਆਕਰਣ ਅਤੇ ਪ੍ਰਗਟਾਵੇ ਦੇ ਹੁਨਰ ਸਕੂਲ ਦੀ ਮਜ਼ਬੂਤ ਅਕਾਦਮਿਕ ਨੀਂਹ ਨੂੰ ਦਰਸਾਉਂਦੇ ਹਨ। ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਸ੍ਰੀ ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਵੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸਫਲਤਾ 'ਤੇ ਵਧਾਈ ਦਿੱਤੀ। ਮੈਨੇਜਮੈਂਟ ਵੱਲੋਂ ਜਾਰੀ ਇੱਕ ਸੰਦੇਸ਼ ਵਿੱਚ ਕਿਹਾ ਗਿਆ ਹੈ, ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਸਕੂਲ ਦੇ ਛੋਟੇ ਸਿਤਾਰਿਆਂ ਨੇ ਰਾਸ਼ਟਰੀ ਪੱਧਰ @ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਕਿਹਾ, ਸਾਡੇ ਛੋਟੇ ਵਿਦਿਆਰਥੀਆਂ ਦੀ ਇਹ ਸਫਲਤਾ ਇਸ ਗੱਲ ਦਾ ਸਬੂਤ ਹੈ ਕਿ ਜੇਕਰ ਬੱਚਿਆਂ ਨੂੰ ਸਹੀ ਦਿਸ਼ਾ, ਸਕਾਰਾਤਮਕ ਮਾਹੌਲ ਅਤੇ ਉਤਸ਼ਾਹ ਮਿਲਦਾ ਹੈ, ਇਸ ਲਈ ਉਹ ਬਹੁਤ ਛੋਟੀ ਉਮਰ ਵਿੱਚ ਵੀ ਅਸਾਧਾਰਨ ਪ੍ਰਾਪਤੀਆਂ ਪ੍ਰਾਪਤ ਕਰ ਸਕਦੇ ਹਨ। ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ, ਅਸੀਂ ਨਾ ਸਿਰਫ਼ ਕਿਤਾਬੀ ਗਿਆਨ ਨੂੰ, ਸਗੋਂ ਭਾਸ਼ਾ, ਆਤਮਵਿਸ਼ਵਾਸ ਅਤੇ ਸੋਚਣ ਦੀ ਸਮਰੱਥਾ ਨੂੰ ਵੀ ਬਰਾਬਰ ਮਹੱਤਵ ਦਿੰਦੇ ਹਾਂ। ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਦੇ ਸਮਰਪਣ, ਨਿਯਮਤ ਅਭਿਆਸ ਅਤੇ ਸਿੱਖਣ ਦੀ ਉਤਸੁਕਤਾ ਦੀ ਵੀ ਪ੍ਰਸ਼ੰਸਾ ਕੀਤੀ।

# ਐਸ.ਬੀ.ਐਸ. ਸਕੂਲ ਦੇ ਬੱਚਿਆਂ ਨੇ ਦਸਤਾਰ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ



ਬਰਨਾਲਾ, 7 ਫਰਵਰੀ (ਇਸ਼ੇਨ ਕੰਗ) : ਹਰ ਸਾਲ ਦੀ ਤਰ੍ਹਾ ਬੀਬੀ ਪ੍ਰਧਾਨ ਕੌਰ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਵਿਖੇ ਗੁਰਮਤਿ ਮੁਕਾਬਲੇ ਜਿਸ ਵਿੱਚ ਲਿਖਤੀ ਪੇਪਰ, ਗੁਰਬਾਣੀ ਕੰਠ ਅਤੇ ਸੁੰਦਰ ਦਸਤਾਰ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਦੇ ਤਕਰੀਬਨ 300 ਬੱਚਿਆਂ ਨੇ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਦੇ 35 ਬੱਚਿਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋ ਗੁਰਨੂਰਦੀਪ ਸਿੰਘ ਕਲਾਸ ਨੌਵੀਂ ਨੇ ਸੁੰਦਰ ਦਸਤਾਰ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਅਤੇ ਗੁਰਪ੍ਰਤਾਪ ਸਿੰਘ ਕਲਾਸ ਸੱਤਵੀਂ ਨੇ ਚੌਥਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਤੋਂ ਇਲਾਵਾਂ ਅੱਠਵੀਂ ਕਲਾਸ ਦੀਆਂ ਲੜਕੀਆਂ ਨੇ ਲਿਖਤੀ ਪੇਪਰ ਦੀਆਂ ਪੁਜ਼ੀਸ਼ਨਾਂ ਵਿੱਚ ਆਪਣਾ ਨਾਮ ਦਰਜ ਕੀਤਾ। ਇਸ ਮੌਕੇ ਗੁਰਮਤਿ ਅਧਿਆਪਕ ਬਲਜਿੰਦਰ ਕੌਰ ਨੇ ਕਿਹਾ ਕਿ ਗੁਰਬਾਣੀ ਮਨੁੱਖ ਨੂੰ ਸੱਚਾਈ, ਸੇਵਾ, ਨਿਮਰਤਾ ਅਤੇ ਅਨੁਸ਼ਾਸਨ ਦਾ ਮਾਰਗ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਉਹ ਚੰਗੇ ਨੈਤਿਕ ਮੁੱਲਾਂ ਵਾਲੇ ਨਾਗਰਿਕ ਬਣ ਸਕਣ। ਬੱਚਿਆਂ ਨੇ ਇੰਨ੍ਹਾਂ ਮੁਕਾਬਲਿਆਂ ਵਿੱਚ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਬੱਚਿਆਂ ਨੂੰ ਸੱਭਿਆਚਾਰਕ ਤੇ ਆਤਮਕ ਵਿਰਾਸਤ ਨਾਲ ਜੋੜਦੇ ਹਨ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਨੇ ਖੁਸ਼ੀ ਸਾਂਝੀ ਕਰਦੇ ਹੋਏ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆ ਨੇ ਵਧੀਆਂ ਸਥਾਨ ਹਾਸਿਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਗੁਰਬਾਣੀ ਸਾਨੂੰ ਜੀਵਨ ਵਿੱਚ ਸਹੀ ਰਸਤਾ ਚੁਣਨ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਬੱਚਿਆਂ ਨੂੰ ਅਜਿਹੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਵੇਗਾ ਤਾ ਜੋ ਬਾਕੀ ਬੱਚੇ ਵੀ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕਰ ਸਕਣ। ਅੰਤ ਵਿੱਚ ਸਕੂਲ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਮੁਕਾਬਲਿਆਂ ਵਿੱਚ ਜੇਤੂ ਅਤੇ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

# ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਦੀ ਵਿਦਿਆਰਥਣ ਵੱਲੋਂ ਗੁਰਬਾਣੀ ਕੰਠ ਮੁਕਾਬਲੇ 'ਚ ਦੂਸਰਾ ਸਥਾਨ ਹਾਸਲ ਕੀਤਾ



ਬਰਨਾਲਾ, 7 ਫਰਵਰੀ (ਇਸ਼ੇਨ ਕੰਗ) : ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਬਰਨਾਲਾ ਦੇ ਵਿਦਿਆਰਥੀਆਂ ਨੇ ਮਹਾਨ ਤਿਆਗ ਦੀ ਮੂਰਤ ਬੀਬੀ ਪ੍ਰਧਾਨ ਕੌਰ ਜੀ ਦੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਜ਼ਿਲ੍ਹਾ ਪੱਧਰੀ ਸਕੂਲਾਂ ,ਕਾਲਜਾਂ ਦੇ ਵਿਦਿਆਰਥੀਆਂ ਦੇ ਧਾਰਮਿਕ ਮੁਕਾਬਲੇ ਗੁਰਦੁਆਰਾ ਸਾਹਿਬ ਬੀਬੀ ਪ੍ਰਧਾਨ ਕੌਰ ਜੀ ਬਰਨਾਲਾ ਵਿਖੇ ਭਾਗ ਲਿਆ ।ਪ੍ਰਿੰਸੀਪਲ ਡਾ. ਸੁਸ਼ੀਲ ਬਾਲਾ ਨੇ ਦੱਸਿਆ ਕਿ ਗੁਰਬਾਣੀ ਕੰਠ ਮੁਕਾਬਲੇ ਵਿੱਚ ਐਲ.ਬੀ.ਐਸ .ਕਾਲਜ ਦੀ ਵਿਦਿਆਰਥਣ ਕਮਲਦੀਪ ਕੌਰ ਬੀ.ਏ.(ਭਾਗ ਦੂਜਾ) ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾ. ਸੁਸ਼ੀਲ ਬਾਲਾ ਨੇ ਜੇਤੂ ਵਿਦਿਆਰਥਣ ਤੇ ਵਿਦਿਆਰਥੀਆਂ ਦੇ ਟੀਮ ਇੰਚਾਰਜ ਪ੍ਰੋਫੈਸਰ ਅਮਨਦੀਪ ਕੌਰ (ਪੰਜਾਬੀ ਵਿਭਾਗ) ਤੇ ਸਮੂਹ ਸਟਾਫ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ।ਉਹਨਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਹਨਾਂ ਨੂੰ ਭਵਿੱਖ ਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਸੁਸ਼ੀਲ ਬਾਲਾ, ਪੰਜਾਬੀ ਵਿਭਾਗ ਦੇ ਮੁਖੀ ਡਾ. ਜਸਵਿੰਦਰ ਕੌਰ, ਪ੍ਰੋਫੈਸਰ ਅਮਨਦੀਪ ਕੌਰ (ਪੰਜਾਬੀ ਵਿਭਾਗ), ਮੈਡਮ ਵੀਰਪਾਲ ਕੌਰ ,ਮੈਡਮ ਕਿਰਨ ਸਿਕਰੀ ਆਦਿ ਹਾਜ਼ਰ ਹੋਏ।

# 'ਪ੍ਰੀਖਿਆ ਪੇ ਚਰਚਾ' ਪ੍ਰੋਗਰਾਮ ਦਾ ਸਰਕਾਰੀ ਸਕੂਲਾਂ ਵਿੱਚ ਸਿੱਧਾ ਪ੍ਰਸਾਰਣ



ਬਰਨਾਲਾ, 7 ਫਰਵਰੀ (ਬਘੇਲ ਸਿੰਘ ਧਾਲੀਵਾਲ) : ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਵਿਦਿਆਰਥੀਆਂ ਨਾਲ ਕੀਤੀ ਗਈ 'ਪ੍ਰੀਖਿਆ ਪੇ ਚਰਚਾ' ਸਬੰਧੀ ਵਿਸ਼ੇਸ਼ ਗੱਲਬਾਤ ਦਾ ਪ੍ਰੋਗਰਾਮ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿਆਪਕ ਪੱਧਰ 'ਤੇ ਟੈਲੀਕਾਸਟ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਦੇਖਣ ਲਈ ਵਿਦਿਆਰਥੀਆਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ। ਇਹ ਪ੍ਰੋਗਰਾਮ ਪੰਜਾਬ ਦੇ ਸਿੱਖਿਆ ਸਕੱਤਰ ਮੈਡਮ ਸੋਨਾਲੀ ਗਿਰੀ, ਡੀ.ਜੀ.ਐਸ.ਈ ਅਰਵਿੰਦ ਕੁਮਾਰ, ਐਸ.ਸੀ.ਈ.ਆਰ.ਟੀ. ਡਾਇਰੈਕਟਰ ਮੈਡਮ ਕਿਰਨ ਸ਼ਰਮਾ ਅਤੇ ਅਸਿਸਟੈਂਟ ਡਾਇਰੈਕਟਰ ਮੈਡਮ ਸੀਮਾ ਖੇੜਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਆਯੋਜਿਤ ਕੀਤਾ ਗਿਆ ਜ਼ਿਲ੍ਹਾ ਬਰਨਾਲਾ ਵਿੱਚ ਇਹ ਪ੍ਰੋਗਰਾਮ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਸੁਨੀਤ ਇੰਦਰ ਸਿੰਘ, ਡੀਈਓ (ਐਲੀਮੈਂਟਰੀ) ਮੈਡਮ ਇੰਦੂ ਸਿਮਕ, ਡਿਪਟੀ ਡੀਈਓ ਡਾ. ਬਰਜਿੰਦਰ ਪਾਲ ਸਿੰਘ, ਡਾਇਟ ਪ੍ਰਿੰਸੀਪਲ ਡਾਕਟਰ ਮੁਨੀਸ਼ ਮੋਹਨ ਸ਼ਰਮਾ ਅਤੇ ਡੀ ਆਰ ਸੀ ਕਮਲਦੀਪ ਦੀ ਅਗਵਾਈ ਹੇਠ ਸਮੂਹ ਸਰਕਾਰੀ ਸਕੂਲਾਂ ਵਿੱਚ ਸਫ਼ਲਤਾਪੂਰਵਕ ਟੈਲੀਕਾਸਟ ਕੀਤਾ ਗਿਆ। ਇਸ ਟੈਲੀਕਾਸਟ ਰਾਹੀਂ ਵਿਦਿਆਰਥੀਆਂ ਨੂੰ ਪ੍ਰੀਖਿਆ ਸੰਬੰਧੀ ਤਣਾਅ ਤੋਂ ਮੁਕਤ ਹੋਣ, ਆਤਮ-ਵਿਸ਼ਵਾਸ ਵਧਾਉਣ ਅਤੇ ਪੜ੍ਹਾਈ ਲਈ ਪ੍ਰੇਰਿਤ ਹੋਣ ਦਾ ਮਹੱਤਵਪੂਰਨ ਮੌਕਾ ਮਿਲਿਆ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜੀ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰੀਖਿਆ ਜੀਵਨ ਦਾ ਇੱਕ ਹਿੱਸਾ ਹੈ ਇਸ ਨੂੰ ਡਰ ਜਾਂ ਬੋਝ ਨਾਲ ਸਮਝਿਆ ਜਾਵੇ ਉਹਨਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੀ ਸਹੀ ਯੋਜਨਾ ਸਿਹਤਮੰਦ ਜੀਵਨ ਸ਼ੈਲੀ ਅਤੇ ਸਕਾਰਤਮਕ ਸੋਚ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਐਸ.ਸੀ.ਈ. ਆਰ.ਟੀ. ਮੇਂਟਰ ਮੈਡਮ ਸੋਨੀਆ ਪਰੂਥੀ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਹਰਵਿੰਦਰ ਰੋਮੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਯੂਟਿਊਬ, ਫੇਸਬੁੱਕ, ਦੂਰਦਰਸ਼ਨ, ਪੀਐਮ ਈ-ਵਿੱਦਿਆ ਅਤੇ ਰੇਡੀਓ ਆਦਿ ਮਾਧਿਅਮਾਂ ਰਾਹੀਂ ਕੀਤਾ ਗਿਆ, ਜਿਸ ਨੂੰ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਬੜੀ ਰੁਚੀ ਨਾਲ ਦੇਖਿਆ ਗਿਆ।

